Polestar

Trade Mark No: 2048617

# POLE STAR

## Seven Days Guess Paper

# 12

Double Tap to Edit

## ਵਿਸ਼ਾ- ਵਾਤਾਵਰਨ ਸਿੱਖਿਆ

**Solved MCQ's, Very Short & Short Questions**

☆ With Set of Five Sample Papers ☆

*New Punjab Publishers*®

Ludhiana: 141110

Mobile: 9814216396 , 98614-96000

Price: ₹ 40/-

BY KUMBHA RAM, COMMERCE LECTURER,

# SUBJECT - ENVIRONMENTAL EDUCATION
# CLASS-XII

**TIME:-2Hrs** **Theory : 45 Marks**
**IA: 05 Marks** **Total : 50 Marks**

## STRUCTURE OF QUESTION PAPER (THEORY)

1. There will be one theory paper comprising of 9 questions. All questions will be compulsory.
2. Question no 1 will be carrying 20 objective type questions of 1 mark each. In objective there will be 5 multiple choice questions, 5 one word or one line question, 5 fill in the blanks and 5 questions will be of true/ false statement. All 20 objective type question will be knowledge based, understanding based and application based. Distribution of marks over different

**Dimensions of the objective type questions will be as follows.**

| LEARNING OUTCOMES | MARKS | PERCENTAGE OF MARKS |
|---|---|---|
| KNOWLEDGE | 8 | 40% |
| UNDERSTANDING | 8 | 40% |
| APPLICATION | 4 | 20% |
| **TOTAL** | **20** | **100%** |

3. Question no 2 to 6 (Total 5 questions) will be 2 marks each. Answer to each question will be in 20-30 words
4. Question no 7 to 9 (Total 3 Question) long answer type question carrying 5 marks each. Answer to this question will be in 80-100 words.
5. In question no 7 to 9, there will be 100% internal choice.
6. Question no 7 will be of 5 marks and to be set from unit –I and choice question should be set from unit-II.
7. Question no 8 will be of 5 marks and to be set from unit –III. There will be internal choice.

8. Question no 9 will be of 5 marks and to be set from unit –IV and choice question should be set from unit-V.

9. The question paper should be strictly from the prescribed syllabus based on above mentioned guide lines.

| UNIT WISE DISTRIBUTION OF MARKS | | | | | | |
|---|---|---|---|---|---|---|
| | 1 Mark. Questions | | | | 2 Marks Questions | 5 Marks Questions |
| UNIT | 1 Mark MCQs | 1 Mark Ob.T.Q. | 1 Mark Fill Ups | 1 Mark T/F | | |
| UNIT -1 BIODIVERSITY | 1 | 1 | 1 | 1 | 1 | 1 |
| UNIT –II ENVIRONMENTAL MANAGEMENT | 1 | 1 | 1 | 1 | 1 | Or 1 |
| UNIT –III SUSTAINABLE DEVELOPMENT | 1 | 1 | 1 | 1 | 1 | 1 Or 1 |
| UNIT – IV SUSTAINABLE AGRICULTURE | 1 | 1 | 1 | 1 | 1 | 1 |
| UNIT-V ENVIRONMENTAL ACTIONS | 1 | 1 | 1 | 1 | 1 | Or 1 |
| TOTAL MARKS | 5 | 5 | 5 | 5 | 10 | 15 |

# POLE STAR- SEVEN DAYS GUESS PAPER

## CLASS-XII SUBJECT - ENVIRONMENTAL EDUCATION

## DAY-ONE

***Question no 1 will be carrying 20 objective type questions of 1 mark each. In objective there will be 5 multiple choice questions, 5 one word or one line question, 5 fill in the blanks and 5 questions will be of true/ false statement. All 20 objective type question will be knowledge based, understanding based and application based. Distribution of marks over different.***

***(20×1=20)***

✡ *ਬਹੁ-ਵਿਕਲਪੀ ਪ੍ਰਸ਼ਨ:-*

### Unit-I (Biodiversity)

1. ਜੈਵਿਕ ਵਿਭਿੰਨਤਾ ਟਿਕਾਉਪੁਣੇ ਤੇ ਸਾਂਭ-ਸੰਭਾਲ 170 ਤੋਂ ਵੱਧ ਦੇਸ਼ਾਂ ਵਿੱਚ ਸਮਝੌਤੇ ਤੇ ਕਦੋਂ ਦਸਖਤ ਕੀਤੇ ਗਏ?

   (ੳ) ਜਨਵਰੀ 2000 (ਅ) ਜਨਵਰੀ 2001

   (ੲ) ਜਨਵਰੀ 2002 (ਸ) ਜਨਵਰੀ 2003

2. ਜੈਵਿਕ ਵਿਭਿੰਨਤਾ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਕਿਸਨੇ ਕੀਤੀ ਸੀ?

   (ੳ) ਵਾਲਟਰ ਜੀ ਰੋਜ਼ਨ (ਅ) ਈ.ਓ. ਵਿਲਸਨ

   (ੲ) ਮੋਕਡਾਬਲ ਨੇ (ਸ) ਕੋਈ ਵੀ ਨਹੀਂ

3. ਹੇਠ ਲਿਖਿਆਂ ਵਿੱਚ ਕਿਹੜੀ ਦੁਰਲਭ ਜਾਤੀ ਹੈ?

   (ੳ) ਭਾਰਤੀ ਬਸਟਰਡ (ਅ) ਹੂਪਿੰਗ ਬਗਲਾ

   (ੲ) ਸੁਨਹਿਰੀ ਲੰਗੂਰ (ਸ) ਮੋਰ

4. ਗਿਰ ਨੈਸ਼ਨਲ ਪਾਰਕ ਕਿਹੜੇ ਰਾਜ ਵਿੱਚ ਸਥਿਤ ਹੈ?

   (ੳ) ਮੱਧ ਪ੍ਰਦੇਸ਼ (ਅ) ਗੁਜਰਾਤ

(ੲ) ਕਰਨਾਟਕ (ਸ) ਨੈਨੀਤਾਲ

5. ਮਾਰਫੀਨ ਕਿਹੜੇ ਪੌਦੇ ਤੋਂ ਪ੍ਰਾਪਤ ਕੀਤੀ ਜਾਂਦੀ ਹੈ?

(ੳ) ਪਾਪਾਵਰ ਸੋਮਨੀ ਫਰੇਮ (ਅ) ਡਿਜੀਟੈਲਿਸ

(ੲ) ਪੈਰੀਵਿਨਕਲ (ਸ) ਟੈਕਸਸ ਬਕਾਟਾ

6. ਕਾਲਾ ਤਿੱਤਰ ਕਿਹੜੇ ਜੰਗਲੀ ਜੀਵ ਰੱਖ ਵਿੱਚ ਪਾਇਆ ਜਾਂਦਾ ਹੈ?

(ੳ) ਹਰੀਕੇ ਜੰਗਲੀ ਜੀਵ ਰੱਖ (ਅ) ਅਬੋਹਰ ਜੰਗਲੀ ਜੀਵ ਰੱਖ

(ੲ) ਬੀੜ ਮੋਤੀ ਬਾਰ ਪਟਿਆਲਾ (ਸ) ਘਾਨਾ ਪੰਛੀ ਰੱਖ ਭਰਤਪੁਰ

**ਉੱਤਰ: 1. (ੳ) 2.(ੳ) 3.(ਅ) 4.(ਅ) 5.(ੳ) 6.(ਅ)**

## Unit-II (Environmental Management)

1. ਵਾਤਾਵਰਨੀ ਪ੍ਰਬੰਧਨ ਦਾ ਮੁੱਖ ਉਦੇਸ਼ ਕੀ ਹੈ?

(ੳ) ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣਾ (ਅ) ਵਾਤਾਵਰਨ ਨੂੰ ਦੁਰਵਰਤੋਂ ਤੋਂ ਬਚਾਉਣਾ

(ੲ) ਦੋਵੇਂ (ੳ) ਅਤੇ (ਅ) (ਸ) ਕੋਈ ਵੀ ਨਹੀਂ

2. ਪੈਟਰੋਲ ਦੀ ਥਾਂ ਕਿਹੜਾ ਬਾਲਣ ਆਟੋ ਵਾਹਨਾਂ ਵਿੱਚ ਵਰਤਿਆ ਜਾਂਦਾ ਹੈ?

(ੳ) ਮਿੱਟੀ ਦਾ ਤੇਲ (ਅ) ਨਪੀੜਿਤ ਕੁਦਰਤੀ ਗੈਸ

(ੲ) ਈਥਨੋਲ (ਸ) ਮੀਥਨੋਲ

3. ਵਾਤਾਵਰਨੀ ਪ੍ਰਬੰਧਨ ਦਾ ਆਰਥਿਕ ਪੱਖ ਕੀ ਹੈ?

(ੳ) ਵਾਤਾਵਰਨ ਵਿਵਸਥਾ ਪ੍ਰਦਾਨ ਕਰਨਾ (ਅ) ਵਾਤਾਵਰਨ ਇੱਕ ਡੌਬੂ ਵਜੋਂ ਕੰਮ ਕਰਦਾ ਹੈ।

(ੲ) ਦੋਵੇਂ (ੳ) ਅਤੇ (ਅ) (ਸ) ਕੋਈ ਵੀ ਨਹੀਂ

4. ਦਬਾਉ ਸੂਚਕ ਕੀ ਦਰਸਾਉਂਦੇ ਹਨ?

(ੳ) ਨਿਕਾਸ ਕੀਤੇ ਪਦਾਰਥ (ਅ) ਨਿਖੇਪਣਾਂ

(ੲ) ਨਿਸ਼ਕਰਸ਼ਣ (ਸ) ਉਪਰੋਕਤ ਸਾਰੇ

5. ਭਾਰਤ ਦਾ ਈਕੋ ਮਾਰਕ ਕੀ ਹੈ?

(ੳ) ਮਿੱਟੀ ਦਾ ਘੜਾ (ਅ) ਚੜ੍ਹਦਾ ਸੂਰਜ

(ੲ) ਕਮਲ ਦਾ ਫੁੱਲ (ਸ) ਸ਼ੇਰ

6. ਵਾਤਾਵਰਣ ਪ੍ਰਬੰਧਣ ਦੀ ਮੁੱਖ ਪਹੁੰਚ ਕਿਹੜੀ ਹੈ?

(ੳ) ਵਾਤਾਵਰਣ ਸੂਚਕ (ਅ) ਮਿਆਰ ਨਿਰਧਾਰਿਤ ਕਰਨਾ

(ੲ) ਸੂਚਨਾ ਦਾ ਆਦਾਨ ਪ੍ਰਦਾਨ ਕਰਨਾ (ਸ) ਉਪਰੋਕਤ ਸਾਰੇ

**ਉੱਤਰ: 1. (ੲ) 2.(ਅ) 3.(ੲ) 4.(ਸ) 5.(ੳ) 6.(ਸ)**

## Unit-III (Sustainable Development)

1. ਟਿਕਾਊ ਵਿਕਾਸ ਕਮਿਸ਼ਨ ਕਦੋਂ ਸਥਾਪਿਤ ਹੋਇਆ?
   (ੳ) 1970 ਵਿੱਚ (ਅ) 1972 ਵਿੱਚ
   (ੲ) 1974 ਵਿੱਚ (ਸ) 1976 ਵਿੱਚ
2. ਟਿਕਾਊ ਵਿਕਾਸ ਦੀ ਧਾਰਨਾ ਕਿਸ ਨੇ ਦਿੱਤੀ ਸੀ?
   (ੳ) ਜੀ. ਐਚ ਬਰੰਟਲੈਂਡ (ਅ) ਮਹਾਤਮਾ ਗਾਂਧੀ
   (ੲ) ਪੰਡਿਤ ਜਵਾਹਰ ਲਾਲ ਨਹਿਰੂ (ਸ) ਲਾਲ ਬਹਾਦੁਰ ਸ਼ਾਸਤਰੀ
3. ਮਨੁੱਖ ਦੀਆਂ ਬੁਨਿਆਦੀ ਲੋੜਾਂ ਕੀ ਹਨ?
   (ੳ) ਰੋਟੀ (ਅ) ਕੱਪੜਾ
   (ੲ) ਮਕਾਨ (ਸ) ਉਪਰੋਕਤ ਸਾਰੇ
4. ਵਿਸ਼ਵ ਸਿਹਤ ਸੰਗਠਨ ਦਾ ਮੁੱਖ ਦਫਤਰ ਕਿੱਥੇ ਹੈ?
   (ੳ) ਨਿਊ ਯਾਰਕ (ਅ) ਸਵਿਟਜਰ ਲੈਂਡ
   (ੲ) ਜੈਨੇਵਾ (ਸ) ਫ੍ਰਾਂਸ
5. ਚਿਪਕੋ ਅੰਦੋਲਨ ਕਦੋਂ ਸ਼ੁਰੂ ਹੋਇਆ ਸੀ?
   (ੳ) 1973 ਵਿੱਚ (ਅ) 1974 ਵਿੱਚ
   (ੲ) 1975 ਵਿੱਚ (ਸ) 1976 ਵਿੱਚ
6. ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਮੁੱਖ ਕੰਮ ਕੀ ਹੈ?
   (ੳ) ਪਾਣੀ ਅਤੇ ਹਵਾ ਪ੍ਰਦੂਸ਼ਣ ਨੂੰ ਰੋਕਣ ਅਤੇ ਕੰਟਰੋਲ ਸੰਬੰਧੀ ਕੇਂਦਰੀ ਸਰਕਾਰ ਨੂੰ ਸਲਾਹ ਦੇਣਾ।
   (ਅ) ਪਾਣੀ ਅਤੇ ਹਵਾ ਦੀ ਗੁਣਵੱਤਾ ਦੇ ਮਾਪਦੰਡਾਂ ਨੂੰ ਸਥਾਪਿਤ ਕਰਨਾ, ਪੜਤਾਲ ਜਾਂ ਸੋਧ ਕਰਨਾ।
   (ੲ) ਦੋਵੇਂ (ੳ) ਅਤੇ (ਅ) ਦੋਵੇਂ
   (ਸ) ਕੋਈ ਵੀ ਨਹੀਂ

**ਉੱਤਰ: 1. (ਅ) 2.(ੳ) 3.(ਸ) 4.(ੲ) 5.(ੳ) 6.(ੲ)**

## Unit-IV (Sustainable Agriculture)

KUMBHA RAM

1. ਹਰੀ ਕ੍ਰਾਂਤੀ ਦੇ ਜਨਮਦਾਤਾ ਕੌਣ ਸੀ?
   (ੳ) ਡਾ.ਮੁਹਿੰਦਰ ਸਿੰਘ (ਅ) ਪ੍ਰੋ. ਐਮ.ਐਸ.ਸਵਾਮੀਨਾਥਨ
   (ੲ) ਡਾ. ਮੋਹਨ ਸਿੰਘ (ਸ) ਕੋਈ ਵੀ ਨਹੀਂ
2. ਨਾਈਟ੍ਰੋਜਨ ਦੇ ਸਥਿਰੀਕਰਨ ਕਰਨ ਵਾਲਾ ਕਿਹੜਾ ਬੈਕਟੀਰੀਆ ਹੈ?
   (ੳ) ਐਜੋਬੈਕਟਰ (ਅ) ਬਾਈਜ਼ਰਇਨਕੀਆ
   (ੲ) ਦੋਵੇਂ 1 ਅਤੇ 2 (ਸ) ਕੋਈ ਵੀ ਨਹੀਂ
3. 1965 ਤੋਂ 1980 ਦੇ ਦਰਮਿਆਨ ਹਰੀਕ੍ਰਾਂਤੀ ਦਾ ਪੰਜਾਬ ਉੱਪਰ ਕੀ ਪ੍ਰਭਾਵ ਪਇਆ?
   (ੳ) ਕਣਕ ਦੀ ਉਪਜ ਵਿੱਚ 1916 ਤੋਂ 7694 ਹਜ਼ਾਰ ਮੀਟ੍ਰਿਕ ਟਨ ਵਾਧਾ।
   (ਅ) ਚਾਵਲਾਂ ਦੀ ਉਪਜ ਵਿੱਚ 292 ਤੋਂ 3228 ਹਜ਼ਾਰ ਮੀਟ੍ਰਿਕ ਟਨ ਵਾਧਾ।
   (ੲ) ਦੋਵੇਂ 1 ਅਤੇ 2
   (ਸ) ਕੋਈ ਵੀ ਨਹੀਂ
4. ਭੋਜਨ ਦੀ ਸਾਂਭ ਸੰਭਾਲ ਦਾ ਕਿਹੜਾ ਉੱਤਮ ਢੰਗ ਹੈ?
   (ੳ) ਅਤਿ ਠੰਡਾ ਕਰਨਾ (ਅ) ਰਸਾਇਣਿਕ ਸਾਂਭ ਸੰਭਾਲ
   (ੲ) ਧੁੱਪ ਵਿੱਚ ਸੁਕਾਉਣਾ (ਸ) ਉਪਰੋਕਤ ਸਾਰੇ
5. ਕਿਹੜਾ ਦੋ ਸਾਲਾਂ ਫਸਲ ਚੱਕਰ ਸਹੀ ਹੈ?
   (ੳ) ਮੱਕੀ - ਸਰ੍ਹੋਂ - ਮਟਰ - ਗੰਨਾ (ਅ) ਮੱਕੀ - ਆਲੂ - ਗੰਨਾ - ਮਟਰ
   (ੲ) ਆਲੂ - ਗੰਨਾ -ਮੱਕੀ -ਗੋਭੀ (ਸ) ਮੱਕੀ - ਮਟਰ - ਗੰਨਾ - ਸਰ੍ਹੋਂ
6. ਚੀਕਣੀ ਮਿੱਟੀ ਦੇ ਕਣਾਂ ਦਾ ਆਕਾਰ ਕਿੰਨਾ ਹੁੰਦਾ ਹੈ?
   (ੳ) 0.002 - 0.02 ਮਿ.ਮੀ. (ਅ) 0.02-0.2 ਮਿ.ਮੀ.
   (ੲ) 0.002 ਮਿ.ਮੀ. ਤੋਂ ਘੱਟ (ਸ) 0.2 -2 ਮਿ.ਮੀ.

**ਉੱਤਰ: 1. (ਅ) 2.(ੲ) 3.(ੲ) 4.(ਸ) 5.(ਅ) 6.(ੲ)**

## Unit-V (Environmental Actions)

1. ਹੇਠ ਲਿਖਿਆਂ ਵਿੱਚੋਂ ਕਿਹੜਾ ਤਾਜੇ ਪਾਣੀ ਦਾ ਸੋਮਾ ਨਹੀਂ ਹੈ?
   (ੳ) ਮੀਂਹ ਦਾ ਪਾਣੀ (ਅ) ਤਾਲਾਬ ਦਾ ਪਾਣੀ
   (ੲ) ਸਤਹੀ ਪਾਣੀ (ਸ) ਧਰਤੀ ਹੇਠਲਾ ਪਾਣੀ
2. ਕਲੋਰੋਫਲੋਰੋਕਾਰਬਨਜ਼ ਕਿਹੜੀ ਗੈਸ ਨੂੰ ਨਸ਼ਟ ਕਰਦੇ ਹਨ?

(ੳ) ਆਕਸੀਜਨ (ਅ) ਓਜੋਨ

(ੲ) ਨਾਈਟ੍ਰੋਜਨ (ਸ) ਸਲਫਰ ਡਾਈਆਕਸਾਈਡ

3. ਕੋਲੇ ਦੀ ਕਿਹੜੀ ਕਿਸਮ ਵਿੱਚ ਕਾਰਬਨ ਦੀ ਸਭ ਤੋਂ ਘੱਟ ਮਾਤਰਾ ਹੈ?

(ੳ) ਪੀਟ (ਅ) ਲਿਗਨਾਈਡ

(ੲ) ਬਿਟੂਮੀਨਸ (ਸ) ਐਂਥਰਾਸਾਈਟ

4. CFCs ਦੀ ਵਰਤੋਂ ਕਿਥੇ ਕੀਤੀ ਜਾਂਦੀ ਹੈ?

(ੳ) ਵਾਤਾਵਰਨੁਕੂਲਨਾਂ ਵਿੱਚ (ਅ) ਰੈਫਰੀਜਰੇਟਰ ਵਿੱਚ

(ੲ) ਡਰਾਈਕਲੀਨਿਰਾ (ਸ) ਉਪਰੋਕਤ ਸਾਰੇ

5. ਖਪਤ ਨਾਲ ਜੁੜੀ ਕਿਹੜੀ ਮੁੱਖ ਸਮੱਸਿਆ ਹੈ?

(ੳ) ਊਰਜਾ ਸੰਕਟ (ਅ) ਪ੍ਰਦੂਸ਼ਣ

(ੲ) ਪਾਣੀ ਪ੍ਰਦੂਸ਼ਣ (ਸ) ਉਪਰੋਕਤ ਸਾਰੇ

6. ਕਿਹੜੇ ਖੇਤਰ ਵਿੱਚ ਵਰਖਾ ਦਾ ਪਾਣੀ ਸਭ ਤੋਂ ਘੱਟ ਹੁੰਦਾ ਹੈ?

(ੳ) ਏਰਿਡ ਖੇਤਰ (ਅ) ਅਰਧ ਏਰਿਡ ਖੇਤਰ

(ੲ) ਮੱਧਵਰਤੀ ਖੇਤਰ (ਸ) ਗਿਲ ਵਾਲਾ ਖੇਤਰ

**ਉੱਤਰ: 1. (ਅ) 2.(ਅ) 3.(ੳ) 4.(ਸ) 5.(ਸ) 6.(ੳ)**

## DAY-TWO

### ✡ *ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:*

### Unit-I (Biodiversity)

**ਪ੍ਰਸ਼ਨ 1. ਸੰਯੁਕਤ ਰਾਸ਼ਟਰ ਦੀ ਸਰਪ੍ਰਸਤੀ ਹੇਠ ਵਾਤਾਵਰਨ ਸੰਬੰਧੀ ਪਹਿਲੀ ਕਾਨਫਰੰਸ ਕਿੱਥੇ ਹੋਈ ਸੀ?**

ਉੱਤਰ: ਇਹ ਕਾਨਫਰੰਸ ਸਟਾਕਹੋਮ ਵਿਖੇ 1972 ਈ. ਨੂੰ ਹੋਈ ਸੀ।

**ਪ੍ਰਸ਼ਨ 2. ਸਫ਼ੈਦ ਬਾਘਾਂ ਲਈ ਕਿਹੜਾ ਚਿੜੀਆ ਘਰ ਮਸ਼ਹੂਰ ਹੈ?**

ਉੱਤਰ: ਸਫ਼ੈਦ ਬਾਘਾਂ ਲਈ ਉੜੀਸਾ ਵਿੱਚ ਸਥਿਤ ਨਾਨਾਡਾਕਨ ਚਿੜੀ (Nanadakan Zoo) ਘਰ ਮਸ਼ਹੂਰ ਹੈ।

**ਪ੍ਰਸ਼ਨ 3. ਬਰਫ਼ਾਨੀ ਤੇਂਦੂਏ ਦਾ ਨਿਵਾਸ ਸਥਾਨ ਕਿਹੜਾ ਹੈ?**

ਉੱਤਰ: ਮਹਾਨ ਹਿਮਾਲਿਆਈ ਰਾਸ਼ਟਰ ਘਰ ਬਰਫ਼ਾਨੀ ਤੇਂਦੂਏ ਦਾ ਨਿਵਾਸ ਸਥਾਨ ਹੈ।

**ਪ੍ਰਸ਼ਨ 4. ਦੋ ਪਵਿੱਤਰ ਪੌਦਿਆਂ ਦੇ ਨਾਂ ਦੱਸੋ।**

ਉੱਤਰ: 1. ਤੁਲਸੀ

2. ਪਿੱਪਲ।

**ਪ੍ਰਸ਼ਨ 5. ਦੋ ਸ਼ਾਕਾਹਾਰੀਆਂ ਅਤੇ ਦੋ ਮਾਸਾਹਾਰੀਆਂ ਦੇ ਨਾਂ ਦੱਸੋ।**

ਉੱਤਰ: **ਸ਼ਾਕਾਹਾਰੀ:** ਮੱਝ, ਗਾਂ, ਊਠ ਤੇ ਬੱਕਰੀ

**ਮਾਸਾਹਾਰੀ :** ਸ਼ੇਰ, ਸੱਪ, ਬਿੱਲੀ।

**ਪ੍ਰਸ਼ਨ 6. ਲੋੜ ਤੋਂ ਵੱਧ ਸ਼ਿਕਾਰ ਕਰਨ ਕਾਰਨ ਲੁਪਤ ਹੋਈਆਂ ਦੋ ਜਾਤੀਆਂ ਦੇ ਨਾਂ ਦੱਸੋ।**

ਉੱਤਰ: ਡੋ-ਡੋ, ਜੈਬਰਾ (ਅਫ਼ਰੀਕਾ) ਅਤੇ ਤਸਮਾਨੀਆਂ ਦਾ ਭੇੜੀਆ।

**ਪ੍ਰਸ਼ਨ 7. ਧਰਤੀ ਗ੍ਰਹਿ (earth Planet) ਉੱਤੇ ਕਿੰਨੀਆਂ ਜਾਤੀਆਂ ਹਨ?**

ਉੱਤਰ: ਤਕਰੀਬਨ 30 ਮਿਲੀਅਨ ਜਾਤੀਆਂ ਧਰਤੀ 'ਤੇ ਮੌਜੂਦ ਹਨ।

**ਪ੍ਰਸ਼ਨ 8. ਕੁਨੀਨ ਕਿਸ ਪੌਦੇ ਤੋਂ ਪ੍ਰਾਪਤ ਹੁੰਦੀ ਹੈ ਅਤੇ ਕਿਸ ਕੰਮ ਆਉਂਦੀ ਹੈ?**

ਉੱਤਰ : ਕੁਨੀਨ,ਸਿਨਕੋਨਾ (Cinchona) ਨਾਂ ਦੇ ਰੁੱਖ ਦੀ ਛਾਲ ਤੋਂ ਪ੍ਰਾਪਤ ਹੁੰਦੀ ਹੈ ਅਤੇ ਇਸਨੂੰ ਮਲੇਰੀਆ ਬੁਖਾਰ ਦੇ ਇਲਾਜ ਲਈ ਵਰਤਿਆ ਜਾਂਦਾ ਹੈ।

**ਪ੍ਰਸ਼ਨ 9. ਜੈਵਿਕ ਵਿਭਿੰਨਤਾ ਤੋਂ ਕੀ ਭਾਵ ਹੈ?**

ਉੱਤਰ: ਧਰਤੀ ਉੱਤੇ ਮੌਜੂਦ ਵੱਖ-ਵੱਖ ਪ੍ਰਕਾਰ ਦੇ ਪੌਦਿਆਂ, ਪ੍ਰਾਣੀਆਂ ਅਤੇ ਸੂਖਮ ਜੀਵਾਂ ਦੇ ਉਲੇਖ ਨੂੰ ਜੈਵਿਕ ਵਿਭਿੰਨਤਾ ਆਖਦੇ ਹਨ।

**ਪ੍ਰਸ਼ਨ 10. ਵਿਸ਼ਵ ਵਾਤਾਵਰਨ ਦਿਵਸ (World Environment Day) ਕਦੋਂ ਮਨਾਇਆ ਜਾਂਦਾ ਹੈ?**

ਉੱਤਰ: 5 ਜੂਨ ਨੂੰ।

**ਪ੍ਰਸ਼ਨ 11. ਸ਼ਾਕਾਹਾਰੀ ਕੀ ਹਨ?**

ਉੱਤਰ: ਜਿਹੜੇ ਜਾਨਵਰ ਹਰੇ ਪੌਦਿਆਂ ਦੀ ਵਰਤੋਂ ਆਪਣੇ ਭੋਜਨ ਵਜੋਂ ਕਰਦੇ ਹਨ, ਉਨ੍ਹਾਂ ਨੂੰ ਸ਼ਾਕਾਹਾਰੀ ਕਿਹਾ ਜਾਂਦਾ ਹੈ ਜਿਵੇਂ ਹਿਰਨ ਤੇ ਬੱਕਰੀਆਂ ਆਦਿ।

**ਪ੍ਰਸ਼ਨ 12. ਜੰਗਲੀ ਜੀਵਾਂ ਦੇ ਲੁਪਤ ਹੋਣ ਦੇ ਕੀ ਕਾਰਨ ਹਨ?**

ਉੱਤਰ: 1. ਚੋਰੀ-ਛੁਪੇ ਜੰਗਲੀ ਜੀਵਾਂ ਦਾ ਸ਼ਿਕਾਰ ਕਰਨਾ।

2. ਜੀਵਾਂ ਦੇ ਨਿਵਾਸ ਸਥਾਨਾਂ ਦਾ ਨਸ਼ਟ ਹੋਣਾ।

**ਪ੍ਰਸ਼ਨ 13. ਭਾਰਤ ਵਿੱਚ ਸੁਰੱਖਿਅਤ ਜੀਵ ਮੰਡਲ ਕਿੰਨੇ ਹਨ?**

ਉੱਤਰ: ਭਾਰਤ ਵਿੱਚ ਸੁਰੱਖਿਅਤ ਜੀਵ ਮੰਡਲ 14 ਹਨ।

**ਪ੍ਰਸ਼ਨ 14. ਸ਼ਿਕਾਰ ਕਰਨ ਤੋਂ ਕੀ ਭਾਵ ਹੈ?**

ਉੱਤਰ: ਜਦੋਂ ਕੋਈ ਵੱਡੇ ਆਕਾਰ ਵਾਲਾ ਜੰਤੂ ਛੋਟੇ ਆਕਾਰ ਵਾਲੇ ਜੰਤੂ ਨੂੰ ਮਾਰ ਕੇ ਉਸਨੂੰ ਆਪਣਾ ਭੋਜਨ ਬਣਾ ਲੈਂਦਾ ਹੈ ਤਾਂ ਇਸੇ ਨੂੰ ਸ਼ਿਕਾਰ ਕਰਨਾ ਕਿਹਾ ਜਾਂਦਾ ਹੈ।

**ਪ੍ਰਸ਼ਨ 15. ਆਉਣ ਵਾਲੇ 20 ਤੋਂ 30 ਸਾਲਾਂ ਵਿੱਚ ਕਿੰਨੀਆਂ ਜਾਤੀਆਂ ਖਤਮ ਹੋ ਜਾਣਗੀਆਂ?**

ਉੱਤਰ: ਕੁੱਲ ਜਾਤੀਆਂ ਦਾ 25% ਭਾਗ ਅਲੋਪ ਹੋ ਜਾਵੇਗਾ।

**ਪ੍ਰਸ਼ਨ 16. ਸਾਧਨ ਕੀ ਹਨ?**

ਉੱਤਰ: ਮਨੁੱਖ ਜਾਤੀਆਂ ਦੀਆਂ ਲੋੜਾਂ ਦੀ ਪੂਰਤੀ ਕਰਨ ਦੇ ਵਾਸਤੇ ਜਿਹੜੀਆਂ ਵਸਤੂਆਂ ਅਸੀਂ ਜੀਵਿਤ ਅਤੇ ਨਿਰਜੀਵ ਸ੍ਰੋਤਾਂ ਤੋਂ ਪ੍ਰਾਪਤ ਕਰਦੇ ਹਾਂ, ਉਨ੍ਹਾਂ ਨੂੰ ਸਾਧਨ ਆਖਦੇ ਹਨ।

**ਪ੍ਰਸ਼ਨ 17. ਸ਼ਾਕਾਹਾਰੀ ਤੋਂ ਕੀ ਭਾਵ ਹੈ?**

ਉੱਤਰ: ਜਿਹੜੇ ਜੀਵ-ਜੰਤੂ ਆਪਣਾ ਭੋਜਨ ਉਤਪਾਦਕਾਂ ਤੋਂ ਸਿੱਧਿਆਂ ਹੀ ਪ੍ਰਾਪਤ ਕਰਨ, ਉਨ੍ਹਾਂ ਨੂੰ ਸ਼ਾਕਾਹਾਰੀ ਆਖਦੇ ਹਨ।

**ਪ੍ਰਸ਼ਨ 18. ਰੈੱਡ ਡੈਟਾ ਬੁੱਕ (Red Data Book ) ਕੀ ਹੁੰਦੀ ਹੈ?**

ਉੱਤਰ: ਜਿਨ੍ਹਾਂ ਪੌਦਿਆਂ ਅਤੇ ਪ੍ਰਾਣੀਆਂ ਦੇ ਅਲੋਪ ਹੋਣ ਦਾ ਡਰ ਹੈ, ਇਹ ਪੁਸਤਕ ਉਨ੍ਹਾਂ ਲਈ ਫਰਿਸਤਾ ਹੈ।

## Unit-II (Environmental Management)

**ਪ੍ਰਸ਼ਨ 1. ਵਾਤਾਵਰਣੀ ਨੈਤਿਕਤਾ ਨੂੰ ਪ੍ਰਭਾਸ਼ਿਤ ਕਰੋ।**

ਉੱਤਰ: ਵਾਤਾਵਰਣ ਸਮੇਤ ਸਜੀਵਾਂ ਨਾਲ਼ ਸੰਬੰਧਿਤ ਮਨੁੱਖੀ ਫਰਜ਼ਾਂ ਨੂੰ ਵਾਤਾਵਰਣੀ ਨੈਤਿਕਤਾ ਆਖਦੇ ਹਨ।

**ਪ੍ਰਸ਼ਨ 2. CPCB ਦਾ ਵਿਸਥਾਰ ਦੱਸੋ।**

ਉੱਤਰ: CPCB - Central Pollution Control Board (ਕੇਂਦਰੀ ਪ੍ਰਦੂਸ਼ਣ ਕੰਟੋਰਲ ਬੋਰਡ)।

**ਪ੍ਰਸ਼ਨ 3. ਸਿਹਤਮੰਦ ਵਾਤਾਵਰਨ ਤੋਂ ਕੀ ਭਾਵ ਹੈ ?**

ਉੱਤਰ: ਜਿਹੜਾ ਵਾਤਾਵਰਨ ਹਰ ਪ੍ਰਕਾਰ ਦੇ ਪ੍ਰਦੂਸ਼ਣ ਜਿਵੇਂ ਕਿ ਜਲ, ਮਿੱਟੀ ਅਤੇ ਹਵਾ ਪ੍ਰਦੂਸ਼ਣ ਤੋਂ ਮੁਕਤ ਹੋਵੇ, ਉਸ ਵਾਤਾਵਰਨ ਨੂੰ ਸਿਹਤਮੰਦ ਵਾਤਾਵਰਨ ਆਖਦੇ ਹਨ।

**ਪ੍ਰਸ਼ਨ 4. GDP ਦਾ ਵਿਸਥਾਰ ਰੂਪ ਕੀ ਹੈ ?**

ਉੱਤਰ: GDP - Gross Domestic Product (ਕੁੱਲ ਘਰੇਲੂ ਉਤਪਾਦਨ)।

**ਪ੍ਰਸ਼ਨ 5. ਹਵਾ ਪ੍ਰਦੂਸ਼ਣ ਐਕਟ ਦੀ ਸੋਧ ਕਦੋਂ ਕੀਤੀ ਗਈ?**

ਉੱਤਰ: 1987 ਨੂੰ।

**ਪ੍ਰਸ਼ਨ 6. ਵਾਤਾਵਰਨ ਨਾਲ਼ ਸਬੰਧਿਤ ਦੋ ਪ੍ਰੋਗਰਾਮਾਂ ਦੇ ਨਾਮ ਦੱਸੋ।**

ਉੱਤਰ:
1. ਈਕੋ ਕਲੱਬ
2. ਪਰਿਆਵਰਣ ਵਹਿਨੀਆਂ।

**ਪ੍ਰਸ਼ਨ 7. GNP ਦਾ ਵਿਸਥਾਰ ਰੂਪ ਕੀ ਹੈ ?**

ਉੱਤਰ: GNP - Gross National Product (ਕੁੱਲ ਰਾਸ਼ਟਰੀ ਉਤਪਾਦਨ)।

**ਪ੍ਰਸ਼ਨ 8. ਧਾਰਾ 48-A ਕੀ ਆਖਦਾ ਹੈ?**

ਉੱਤਰ: ਧਾਰਾ 48-A ਵਿੱਚ ਦਰਜ ਹੈ ਕਿ ਵਾਤਾਵਰਨ ਦੀ ਸੁਰੱਖਿਆ, ਜੀਵਾਂ ਦੀ ਸੰਭਾਲ, ਸੁਧਾਰ ਲਈ ਰਾਜਾਂ ਦੀ ਜ਼ਿੰਮੇਵਾਰੀ ਹੈ।

**ਪ੍ਰਸ਼ਨ 9. ਈਕੋ-ਮਾਰਕ ਤੋਂ ਕੀ ਭਾਵ ਹੈ ?**

ਉੱਤਰ: ਭਾਰਤ ਸਰਕਾਰ ਨੇ ਲੋਕਾਂ ਅੰਦਰ ਵਾਤਾਵਰਣ ਸਨੇਹੀ ਉਤਪਾਦਾਂ ਸੰਬੰਧੀ ਜਾਗਰੂਕਤਾ ਪੈਦਾ ਕਰਨ ਦੇ ਮੰਤਵ ਨਾਲ ਜੋ ਪ੍ਰੋਗਰਾਮ ਸ਼ੁਰੂ ਕੀਤਾ, ਉਸਨੂੰ ਈਕੋ ਮਾਰਕ ਕਿਹਾ ਜਾਂਦਾ ਹੈ।

**ਪ੍ਰਸ਼ਨ 10. ਹਰ ਸਾਲ ਕਿੰਨੇ ਡੈਮ ਤਿਆਰ ਕੀਤੇ ਜਾਂਦੇ ਹਨ?**

ਉੱਤਰ: ਲਗਭਗ 160 ਤੋਂ ਲੈ ਕੇ 230 ਤੱਕ।

**ਪ੍ਰਸ਼ਨ 11. ਵਾਤਾਵਰਣ ਸੁਰੱਖਿਅਣ ਐਕਟ ਕਦੋਂ ਤੋਂ ਲਾਗੂ ਹੋਇਆ?**

ਉੱਤਰ: ਇਹ ਐਕਟ 1986 ਤੋਂ ਲਾਗੂ ਹੋਇਆ ਸੀ।

**ਪ੍ਰਸ਼ਨ 12. ਵਾਤਾਵਰਣੀ ਸੂਚਕਾਂ ਦਾ ਤੁਸੀਂ ਕੀ ਅਰਥ ਲੈਂਦੇ ਹੋ?**

ਉੱਤਰ: ਵਾਤਾਵਰਣੀ ਸੂਚਕ ਵਾਤਾਵਰਣ ਦੀ ਹਾਲਤ ਬਾਰੇ ਪਤਾ ਦੇਣ ਦੇ ਨਾਲ-ਨਾਲ ਵਾਤਾਵਰਨ ਦੇ ਵਿਸ਼ੇਸ਼ ਪਹਿਲੂਆਂ ਬਾਰੇ ਸੂਚਨਾਂ ਦਿੰਦੇ ਹਨ।

**ਪ੍ਰਸ਼ਨ 13. ਵਾਤਾਵਰਨ ਦੇ ਅੰਸ਼ਾਂ ਦੇ ਨਾਂ ਲਿਖੋ।**

ਉੱਤਰ:
1. ਜੈਵਿਕ ਅੰਸ਼
2. ਅਜੈਵਿਕ ਅੰਸ਼।

**ਪ੍ਰਸ਼ਨ 14. ਪਾਣੀ ਦੇ ਪ੍ਰਦੂਸ਼ਣ ਦੀ ਰੋਕਥਾਮ ਅਤੇ ਕੰਟਰੋਲ ਸਬੰਧੀ ਐਕਟ ਕਦੋਂ ਤੋਂ ਲਾਗੂ ਹੋਇਆ?**

ਉੱਤਰ: ਇਹ ਐਕਟ ਸਾਲ 1974 ਤੋਂ ਲਾਗੂ ਹੋਇਆ ਸੀ।

**ਪ੍ਰਸ਼ਨ 15. ਵਾਤਾਵਰਨ ਪ੍ਰਬੰਧਨ ਦਾ ਮੁੱਖ ਮੰਤਵ ਕੀ ਹੈ ?**

ਉੱਤਰ: ਵਾਤਾਵਰਨ ਪ੍ਰਬੰਧਨ ਦਾ ਮੁੱਖ ਮੰਤਵ ਮਨੁੱਖ ਦੁਆਰਾ ਕੀਤੀਆਂ ਜਾਂਦੀਆਂ ਸਰਗਰਮੀਆਂ ਦੇ ਵਾਤਾਵਰਨ ਉੱਪਰ ਪੈਣ ਵਾਲੇ ਪ੍ਰਭਾਵਾਂ ਨੂੰ ਘੱਟ ਕਰਨਾ ਹੈ।

## Unit-III (Sustainable Development)

**ਪ੍ਰਸ਼ਨ 1. CFL ਦਾ ਵਿਸਥਾਰ ਰੂਪ ਕੀ ਹੈ ?**

ਉੱਤਰ: CFL - Compressed Flourescent Lamp (ਨਿਪੀੜਤ ਪ੍ਰਤਿਦੀਪਤ ਲੈਂਪ)।

**ਪ੍ਰਸ਼ਨ 2. 'ਭਾਖੜਾ-ਨੰਗਲ ਡੈਮ ਭਾਰਤ ਦੇ ਮੰਦਰ ਹਨ'। ਇਹ ਕਿਸਦੇ ਵਿਚਾਰ ਹਨ?**

ਉੱਤਰ: ਸ੍ਰੀ ਜਵਾਹਰ ਲਾਲ ਨਹਿਰੂ ਜੀ ਦੇ।

**ਪ੍ਰਸ਼ਨ 3. ਵਿਸ਼ਵ ਸਿਹਤ ਦਿਵਸ (World Health Day) ਕਦੋਂ ਮਨਾਇਆ ਜਾਂਦਾ ਹੈ?**

ਉੱਤਰ: ਹਰ ਸਾਲ 7 ਅਪ੍ਰੈਲ ਨੂੰ।

**ਪ੍ਰਸ਼ਨ 4. ਮੱਧ ਪ੍ਰਦੇਸ਼ ਵਿੱਚ ਨਰਮਦਾ ਪ੍ਰਾਜੈਕਟ ਦਾ ਵਿਰੋਧ ਕਿਸਨੇ ਕੀਤਾ?**

ਉੱਤਰ: ਮੇਧਾ ਪਾਟੇਕਰ, ਬਾਬਾ ਆਮਟੇ ਅਤੇ ਸੁੰਦਰ ਲਾਲ ਬਹੁਗੁਣਾ ਨੇ।

**ਪ੍ਰਸ਼ਨ 5. 'ਸਾਡੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਲਈ ਕੁਦਰਤ ਕੋਲ ਹਰੇਕ ਚੀਜ਼ ਹੈ, ਪਰ ਸਾਡਾ ਲਾਲਚ ਪੂਰਾ ਕਰਨ ਦੇ ਲਈ ਨਹੀ।' ਇਹ ਸ਼ਬਦ ਕਿਸਦੇ ਹਨ?**

ਉੱਤਰ: ਇਹ ਸ਼ਬਦ ਮਹਾਤਮਾ ਗਾਂਧੀ ਜੀ ਦੇ ਹਨ।

**ਪ੍ਰਸ਼ਨ 6. ਕਿਸ ਗੈਸ ਦਾ ਨਿਕਾਸ ਚਿੰਤਾਜਨਕ ਹੱਦ ਤੱਕ ਹੋ ਰਿਹਾ ਹੈ?**

ਉੱਤਰ: ਕਾਰਬਨ ਡਾਈਆਕਸਾਈਡ ($CO_2$)।

**ਪ੍ਰਸ਼ਨ 7. ਉਸ ਅੰਦੋਲਨ ਦਾ ਨਾਂ ਦੱਸੋ, ਜਿਸ ਵਿੱਚ ਲੋਕਾਂ ਨੇ ਰੁੱਖਾਂ ਨੂੰ ਕਲਾਵੇ (ਜੱਫੀ) ਵਿੱਚ ਲੈ ਲਿਆ?**

ਉੱਤਰ: ਚਿਪਕੋ ਅੰਦੋਲਨ।

**ਪ੍ਰਸ਼ਨ 8. ਸਾਡੀਆਂ ਬੁਨਿਆਦੀ ਲੋੜਾਂ ਕੀ ਹਨ ?**

ਉੱਤਰ: ਭੋਜਨ, ਪਾਣੀ, ਹਵਾ, ਨਿਵਾਸ, ਕੱਪੜਾ ਅਤੇ ਸਮਾਜਿਕ ਅੰਤਰ ਕਿਰਿਆਵਾਂ।

**ਪ੍ਰਸ਼ਨ 9. NCEP ਦਾ ਪੂਰਨ ਰੂਪ ਲਿਖੋ।**

ਉੱਤਰ: NCEP - National Commission on Environment Planning (ਵਾਤਾਵਰਨ ਯੋਜਨਾ ਸਬੰਧੀ ਰਾਸ਼ਟਰੀ ਕਮਿਸ਼ਨ)

**ਪ੍ਰਸ਼ਨ 10. ਊਰਜਾ ਦੀ ਸੰਭਾਲ ਦੇ ਦੋ ਢੰਗ ਲਿਖੋ।**

ਉੱਤਰ:
1. ਊਰਜਾ ਦੀ ਖਪਤ ਨੂੰ ਘਟਾਉਣਾ।
2. ਊਰਜਾ ਦੇ ਨਵਿਆਉਣਯੋਗ ਸਰੋਤਾਂ ਦੀ ਵਰਤੋਂ।

**ਪ੍ਰਸ਼ਨ 11. ਮਨੁੱਖੀ ਸਾਧਨ ਤੋਂ ਕੀ ਭਾਵ ਹੈ ?**

ਉੱਤਰ: ਜਿਹੜੇ ਸਾਧਨ ਮਨੁੱਖ ਜਾਤੀ ਦੀਆਂ ਸਿੱਖਿਆ, ਮਾਨਵ ਸ਼ਕਤੀ ਅਤੇ ਤਕਨੀਕੀ ਪ੍ਰਗਤੀ ਦੀ ਪੂਰਤੀ ਕਰਨ, ਉਨ੍ਹਾਂ ਸਾਧਨਾਂ ਨੂੰ ਮਨੁੱਖੀ ਸਾਧਨ ਆਖਦੇ ਹਨ।

**ਪ੍ਰਸ਼ਨ 12. 1992 ਨੂੰ ਪ੍ਰਿਥਵੀ ਸੰਮੇਲਨ ਕਿੱਥੇ ਹੋਇਆ?**

ਉੱਤਰ: ਇਸ ਉੱਚ ਸੰਮੇਲਨ ਦਾ ਆਯੋਜਨ ਰਾਇਓ ਡੇ ਜੈਨੀਰੀਓ (ਬ੍ਰਾਜ਼ੀਲ) ਵਿਖੇ 1992 ਨੂੰ ਕੀਤਾ ਗਿਆ।

**ਪ੍ਰਸ਼ਨ 13. ਦਰੱਖਤਾਂ ਨੂੰ ਕੱਟਣ ਤੋਂ ਬਚਾਉਣ ਦੇ ਮੰਤਵ ਨਾਲ਼ ਪੇਂਡੂ ਲੋਕਾਂ ਵੱਲੋਂ ਸ਼ੁਰੂ ਕੀਤੇ ਗਏ ਤਿੰਨ ਅੰਦੋਲਨਾਂ ਦੇ ਨਾਮ ਦੱਸੋ।**

ਉੱਤਰ:
1. ਚਿਪਕੋ ਅੰਦੋਲਨ

2. ਉਤਰਾਖੰਡ ਸੰਘਰਸ਼ ਵਾਹਿਨੀ ਅੰਦੋਲਨ

3. ਐਪੀਕੋ ਅੰਦੋਲਨ।

**ਪ੍ਰਸ਼ਨ 14. ਭੌਤਿਕ ਸਾਧਨ ਤੋਂ ਕੀ ਭਾਵ ਹੈ ?**

ਉੱਤਰ: ਜਿਹੜੇ ਸਾਧਨ ਮਸ਼ੀਨਾਂ, ਸੰਦਾਂ ਅਤੇ ਪ੍ਰਗਤੀ ਵੱਲ ਸੰਕੇਤ ਕਰਨ, ਉਨ੍ਹਾਂ ਸਾਧਨਾਂ ਨੂੰ ਭੌਤਿਕ ਸਾਧਨ ਕਹਿੰਦੇ ਹਨ।

**ਪ੍ਰਸ਼ਨ 15. CSD ਦਾ ਵੱਡਾ ਰੂਪ ਦਿਉ।**

ਉੱਤਰ: Commission on Sustainable Development (ਕਾਇਮ ਰਹਿਣਯੋਗ ਵਿਕਾਸ ਵਾਸਤੇ ਕਮਿਸ਼ਨ)।

**ਪ੍ਰਸ਼ਨ 16. ਮੇਧਾ ਪਾਟੇਕਰ ਦਾ ਨਾਂ ਕਿਸ ਪ੍ਰਾਜੈਕਟ ਨਾਲ ਜੁੜਿਆ ਹੋਇਆ ਹੈ ?**

ਉੱਤਰ: ਨਰਮਦਾ ਘਾਟੀ ਪ੍ਰਾਜੈਕਟ ਨਾਲ।

## Unit-IV (Sustainable Agriculture)

**ਪ੍ਰਸ਼ਨ 1. ਨਕਦੀ ਫਸਲਾਂ ਤੋਂ ਕੀ ਭਾਵ ਹੈ?**

ਉੱਤਰ: ਨਕਦੀ ਫਸਲਾਂ ਉਨ੍ਹਾਂ ਫਸਲਾਂ ਨੂੰ ਕਿਹਾ ਜਾਂਦਾ ਹੈ ਜੋ ਪੈਸਾ ਕਮਾਉਣ ਦੇ ਮਨੋਰਥ ਨਾਲ ਬੀਜੀਆਂ ਜਾਂਦੀਆਂ ਹਨ।

**ਪ੍ਰਸ਼ਨ 2. ਮਿਸ਼ਰਿਤ ਫਸਲੀ ਵੇਲੇ ਕਣਕ ਨਾਲ ਕਿਹੜੀਆਂ ਦੋ ਫਸਲਾਂ ਬੀਜੀਆਂ ਜਾਂਦੀਆਂ ਹਨ?**

ਉੱਤਰ: ਮਸਰ, ਸਰ੍ਹੋਂ ਤੇ ਸਫ਼ੈਦ ਛੋਲੇ।

**ਪ੍ਰਸ਼ਨ 3. ਖੇਤੀਬਾੜੀ ਨੂੰ ਪ੍ਰੀਭਾਸਿਤ ਕਰੋ।**

ਉੱਤਰ: ਮਨੁੱਖੀ ਜਾਤੀ ਦੇ ਫਾਇਦੇ ਲਈ ਪੌਦਿਆਂ ਦੀ ਕਾਸ਼ਤ ਅਤੇ ਜਾਨਵਰਾਂ ਦੇ ਪਾਲਣ ਨੂੰ ਖੇਤੀਬਾੜੀ ਆਖਦੇ ਹਨ।

**ਪ੍ਰਸ਼ਨ 4. ਮੀਂਹ ਨੂੰ ਛੱਡ ਕੇ ਸਿੰਚਾਈ ਦੇ ਕੋਈ ਚਾਰ ਸ੍ਰੋਤਾਂ ਬਾਰੇ ਦੱਸੋ।**

ਉੱਤਰ: ਖੂਹ, ਤਾਲਾਬ, ਨਹਿਰਾਂ ਅਤੇ ਦਰਿਆ।

**ਪ੍ਰਸ਼ਨ 5. ਮਿਸ਼ਰਿਤ ਕਿਰਸਾਣੀ ਕੀ ਹੈ ?**

ਉੱਤਰ: ਫਸਲਾਂ ਦੀ ਕਾਸ਼ਤ ਕਰਨ ਦੇ ਨਾਲ-ਨਾਲ ਦੁਧਾਰੂ ਪਸ਼ੂਆਂ ਜਿਵੇਂ ਕਿ ਮੱਝਾਂ, ਗਾਈਆਂ, ਬੱਕਰੀਆਂ ਤੇ ਮੁਰਗੀਆਂ ਆਦਿ ਦੇ ਪਾਲਣ ਨੂੰ ਮਿਸ਼ਰਿਤ ਕਿਰਸਾਣੀ ਆਖਦੇ ਹਨ।

**ਪ੍ਰਸ਼ਨ 6. ਹਰੇ ਇਨਕਲਾਬ ਦਾ ਪਿਤਾਮਾ ਕਿਸਨੂੰ ਮੰਨਿਆ ਜਾਂਦਾ ਹੈ?**

ਉੱਤਰ: ਹਰੇ ਇਨਕਲਾਬ ਦਾ ਪਿਤਾਮਾ ਐੱਮ.ਐੱਸ.ਸਵਾਮੀਨਾਥਨ ਨੂੰ ਮੰਨਿਆ ਜਾਂਦਾ ਹੈ।

**ਪ੍ਰਸ਼ਨ 7. ਸਿੰਚਾਈ ਕੀ ਹੈ ?**

ਉੱਤਰ: ਉੱਗਦੀ ਹੋਈ ਫਸਲ ਦੀ ਸਹਾਇਤਾ ਲਈ ਬਨਾਉਟੀ ਢੰਗ ਨਾਲ ਖੇਤ ਨੂੰ ਪਾਣੀ ਲਾਉਣ ਨੂੰ ਸਿੰਚਾਈ ਕਰਨਾਂ ਜਾਂ ਸਿੰਜਣਾ ਕਹਿੰਦੇ ਹਨ।

**ਪ੍ਰਸ਼ਨ 8. ਫਸਲਾਂ ਦੀ ਅਦਲਾ ਬਦਲੀ (Crop Rotation) ਕੀ ਹੈ?**

ਉੱਤਰ: ਫਸਲਾਂ ਉਗਾਉਣ ਦੀ ਉਹ ਵਿਧੀ, ਜਿਸ ਅੰਦਰ ਇੱਕੋ ਹੀ ਖੇਤ ਵਿੱਚ ਫਸਲਾਂ ਨੂੰ ਬਦਲ-ਬਦਲ ਕੇ ਬੀਜਿਆ ਜਾਂਦਾ ਹੈ, ਫਸਲਾਂ ਦੀ ਅਦਲਾ-ਬਦਲੀ ਅਖਵਾਉਂਦਾ ਹੈ।

**ਪ੍ਰਸ਼ਨ 9. ਮਿਸ਼ਰਿਤ ਖੇਤੀ ਕਿਸਨੂੰ ਕਹਿੰਦੇ ਹਨ?**

ਉੱਤਰ: ਇੱਕੋ ਹੀ ਸਮੇਂ, ਇੱਕ ਹੀ ਪੈਲੀ ਵਿੱਚ ਦੋ ਜਾਂ ਦੋ ਤੋਂ ਵੱਧ ਫਸਲਾਂ ਨੂੰ ਬੀਜਣ ਨੂੰ ਮਿਸ਼ਰਿਤ ਖੇਤੀ ਕਹਿੰਦੇ ਹਨ।

**ਪ੍ਰਸ਼ਨ 10. ਭਾਰਤ ਵਿੱਚ ਸਿੰਚਾਈ ਲਈ ਆਮ ਕਰਕੇ ਕਿਸ ਉੱਪਰ ਨਿਰਭਰ ਰਹਿਣਾ ਪੈਂਦਾ ਹੈ ?**

ਉੱਤਰ: ਭਾਰਤ ਵਿੱਚ ਸਿੰਚਾਈ ਲਈ ਮੀਂਹ/ਬਾਰਸ਼ ਦਾ ਪਾਣੀ ਉੱਪਰ ਨਿਰਭਰ ਰਹਿਣਾ ਪੈਂਦਾ ਹੈ।

**ਪ੍ਰਸ਼ਨ 11. ਭਾਰਤ ਵਿੱਚ ਕਾਸ਼ਤ ਕੀਤੀਆਂ ਜਾਣ ਵਾਲੀਆਂ ਦੋ ਮਿਸ਼ਰਿਤ ਫਸਲਾਂ ਦੇ ਨਾਮ ਦੱਸੋ।**

ਉੱਤਰ:
1. ਮੂੰਗਫਲੀ ਅਤੇ ਸੂਰਜਮੁਖੀ
2. ਕਣਕ ਤੇ ਸਰ੍ਹੋਂ
3. ਗੰਨਾਂ ਤੇ ਗੁਆਰਾ।

**ਪ੍ਰਸ਼ਨ 12. ਕਾਇਮ ਰਹਿਣਯੋਗ ਖੇਤੀਬਾੜੀ ਕੀ ਹੈ ?**

ਉੱਤਰ: ਜੇਕਰ ਖੇਤੀਬਾੜੀ ਪਰਿਸਥਿਤਿਕ ਪੱਖ ਤੋਂ ਨਰੋਈ, ਸਮਾਜਿਕ ਪੱਖ ਤੋਂ ਠੀਕ, ਰਚਾਨਾਤਮਕ ਅਤੇ ਵਿਗਿਆਨਕ ਪਹੁੰਚ 'ਤੇ ਅਧਾਰਿਤ ਹੋਵੇ ਤਾਂ ਅਜਿਹੀ ਖੇਤੀ ਨੂੰ ਕਾਇਮ ਰਹਿਣਯੋਗ ਖੇਤੀਬਾੜੀ ਆਖਦੇ ਹਨ।

**ਪ੍ਰਸ਼ਨ 13. ਮਿੱਟੀ ਦੇ ਖੁਰਣ ਦੇ ਭੈੜੇ ਪ੍ਰਭਾਵਾਂ ਬਾਰੇ ਲਿਖੋ।**

ਉੱਤਰ:
1. ਧਰਤੀ ਵਿਚਲੇ ਪੌਸ਼ਟਿਕ ਪਦਾਰਥ ਨਿਕਲ ਜਾਂਦੇ ਹਨ।
2. ਮਿੱਟੀ ਦੀ ਪਾਣੀ ਨੂੰ ਸੰਭਾਲਣ ਦੀ ਸਮਰੱਥਾ ਘੱਟ ਹੋ ਜਾਂਦੀ ਹੈ।

**ਪ੍ਰਸ਼ਨ 14. ਭਾਰਤ ਵਿੱਚ ਕਿਹੜੀ ਜੀ.ਐੱਮ. ਫਸਲ ਸਭ ਤੋਂ ਪਹਿਲਾਂ ਸ਼ਾਮਿਲ ਕੀਤੀ ਗਈ।**

ਉੱਤਰ: Bt Cotton (Bt-ਕਪਾਹ)।

**ਪ੍ਰਸ਼ਨ 15. ਰੂੜੀ ਖਾਦ/ਦੇਸੀ ਖਾਦ ਦੀ ਪ੍ਰੀਭਾਸ਼ਾ ਦਿਉ।**

ਉੱਤਰ: ਜਿਹੜੀ ਖਾਦ ਪੌਦਿਆਂ ਦੀ ਰਹਿੰਦ-ਖੂੰਹਦ ਅਤੇ ਡੰਗਰਾਂ ਦੇ ਮਲ-ਮੂਤਰ ਤੋਂ ਤਿਆਰ ਕੀਤੀ ਜਾਂਦੀ ਹੈ, ਉਸਨੂੰ ਰੂੜੀ ਖਾਦ ਆਖਦੇ ਹਨ।

**ਪ੍ਰਸ਼ਨ 16. ਜਲ ਚੱਕਰ ਕੀ ਹੈ?**

ਉੱਤਰ: ਸੂਰਜ ਦੀ ਧੁੱਪ ਦੀ ਗਰਮੀ ਕਾਰਨ ਧਰਤੀ 'ਤੇ ਮੌਜੂਦ ਪਾਣੀ ਦੇ ਸੋਮਿਆਂ ਤੋਂ ਪਾਣੀ ਦਾ ਵਾਸ਼ਪਾਂ ਦੀ ਸ਼ਕਲ ਵਿੱਚ ਵਾਯੂਮੰਡਲ ਵਿੱਚ ਬੱਦਲਾਂ ਦਾ ਰੂਪ ਧਾਰਨ ਕਰਕੇ ਮੀਂਹ ਦੀ ਸ਼ਕਲ ਵਿੱਚ ਮੁੜ ਧਰਤੀ 'ਤੇ ਡਿੱਗਣ ਨੂੰ ਜਲ-ਚੱਕਰ ਆਖਦੇ ਹਨ।

**ਪ੍ਰਸ਼ਨ 17. ਪੌਦਿਆਂ ਦੀਆਂ ਕੁੱਝ ਬਿਮਾਰੀਆਂ ਦੇ ਨਾਂ ਦੱਸੋ।**

ਉੱਤਰ: ਆਲੂ ਦਾ ਪਛੇਤਾ ਝੁਲਸ ਰੋਗ, ਚੌਲਾਂ ਦਾ ਬਲਾਸਟ ਰੋਗ, ਚੌਲਾਂ ਦਾ ਭੂਰਾ ਧੱਬਾ ਰੋਗ।

# Unit-V (Environmental Actions)

**ਪ੍ਰਸ਼ਨ 1. ਮਨੁੱਖ ਨੂੰ ਬਾਲਣ ਕਿਉਂ ਚਾਹੀਦਾ ਹੈ?**

ਉੱਤਰ: ਮਨੁੱਖ ਨੂੰ ਆਪਣੀਆਂ ਨਿੱਤ ਦੀਆਂ ਕਿਰਿਆਵਾਂ ਪੂਰੀਆਂ ਕਰਨ ਲਈ ਜਿਵੇਂ ਖਾਣਾ ਬਣਾਉਣ ਤੇ ਊਰਜਾ ਪ੍ਰਾਪਤ ਲਈ ਬਾਲਣ ਚਾਹੀਦਾ ਹੈ।

**ਪ੍ਰਸ਼ਨ 2. ਕੁੱਝ ਪਥਰਾਟ ਬਾਲਣਾਂ ਦੇ ਨਾਂ ਦੱਸੋ।**

ਉੱਤਰ: ਕੋਲਾ, ਪੈਟਰੋਲੀਅਮ ਤੇ ਕੁਦਰਤੀ ਗੈਸ।

**ਪ੍ਰਸ਼ਨ 3. ਵੱਧਦੀ ਹੋਈ ਆਬਾਦੀ ਨਾਲ਼ ਹੋਣ ਵਾਲੀਆਂ ਦੋ ਹਾਨੀਆਂ ਲਿਖੋ।**

ਉੱਤਰ: 1. ਖੁਰਾਕ ਤੇ ਰਿਹਾਇਸ਼ ਦੀ ਕਮੀ

2. ਬੇਰੁਜ਼ਗਾਰੀ ਵਿੱਚ ਵਾਧਾ।

**ਪ੍ਰਸ਼ਨ 4. ਸੀ.ਐੱਨ.ਜੀ. (CNG) ਦਾ ਪੂਰਾ ਨਾਂ ਲਿਖੋ।**

ਉੱਤਰ: ਸੀ.ਐੱਨ.ਜੀ. - ਨਿਪੀੜਤ ਕੁਦਰਤੀ ਗੈਸ

**ਪ੍ਰਸ਼ਨ 5. ਪ੍ਰਦੂਸ਼ਣ ਦੀਆਂ ਮੁੱਖ ਕਿਸਮਾਂ ਕਿਹੜੀਆਂ ਹਨ?**

ਉੱਤਰ: 1. ਜਲ ਪ੍ਰਦੂਸ਼ਣ

2. ਹਵਾ ਪ੍ਰਦੂਸ਼ਣ

3. ਮਿੱਟੀ ਪ੍ਰਦੂਸ਼ਣ।

**ਪ੍ਰਸ਼ਨ 6. ਗੰਨੇ ਤੋਂ ਪ੍ਰਾਪਤ ਹੋਣ ਵਾਲੀ ਰਹਿੰਦ-ਖੂੰਹਦ ਨੂੰ ਕਿਸ ਕੰਮ ਲਈ ਵਰਤਦੇ ਹਨ?**

ਉੱਤਰ: ਕਾਗਜ ਜਾਂ ਗੱਤਾ ਤਿਆਰ ਕਰਨ ਦੇ ਲਈ।

**ਪ੍ਰਸ਼ਨ 7. ਗੰਗਾ ਐਕਸ਼ਨ ਪਲੈਨ ਕਦੋਂ ਸ਼ੁਰੂ ਹੋਈ? ਇਸਦਾ ਕੀ ਉਦੇਸ਼ ਹੈ ?**

ਉੱਤਰ: ਗੰਗਾ ਐਕਸ਼ਨ ਪਲੈਨ 1985 ਨੂੰ ਸ਼ੁਰੂ ਹੋਈ। ਇਸਦਾ ਉਦੇਸ਼ ਗੰਗਾ ਦੇ ਪ੍ਰਦੂਸ਼ਣ ਦੇ ਪੱਧਰ ਨੂੰ ਘਟਾਉਣਾ ਹੈ।

**ਪ੍ਰਸ਼ਨ 8. ਕੁਪੋਸ਼ਣ ਦੀ ਕੀ ਵਜ੍ਹਾ ਹੈ ?**

ਉੱਤਰ: ਸੰਤੁਲਿਤ ਭੋਜਨ ਦੀ ਪ੍ਰਾਪਤੀ ਦਾ ਨਾ ਹੋਣਾ ਅਤੇ ਗ਼ਰੀਬੀ।

**ਪ੍ਰਸ਼ਨ 9. ਜਨਸੰਖਿਆ ਸੰਘਣਤਾ ਕੀ ਹੈ ?**

ਉੱਤਰ: ਕਿਸੇ ਜਾਤੀ ਦੇ ਮੈਂਬਰਾਂ ਦੀ ਕਿਸੇ ਖੇਤਰ ਦੀ ਪ੍ਰਤੀ ਇਕਾਈ ਵਿੱਚ ਮੌਜੂਦ ਜਾਤੀ ਦੇ ਮੈਂਬਰਾਂ ਦੀ ਸੰਖਿਆਂ ਦੀ ਮੌਜੂਦਗੀ।

**ਪ੍ਰਸ਼ਨ 10. ਅਜਿਹੇ ਯੰਤਰਾਂ ਦੇ ਨਾਂ ਦੱਸੋ,ਜਿਨ੍ਹਾਂ ਦੇ ਕਾਰਨ ਊਰਜਾ ਦੀ ਖਪਤ ਵਿੱਚ ਵਾਧਾ ਹੋਇਆ ਹੈ ?**

ਉੱਤਰ: 1. ਏਅਰ ਕੰਡੀਸ਼ਨਰ

2. ਮਾਈਕ੍ਰੋਵੇਵ, ਓਵਨ

3. ਟੀ.ਵੀ.।

**ਪ੍ਰਸ਼ਨ 11. ਪ੍ਰਦੂਸ਼ਕ ਕੀ ਹਨ?**

ਉੱਤਰ: ਜਿਹੜੇ ਪਦਾਰਥ ਪ੍ਰਦੂਸ਼ਣ ਪੈਦਾ ਕਰਦੇ ਹਨ, ਉਨ੍ਹਾਂ ਪਦਾਰਥਾਂ ਨੂੰ ਪ੍ਰਦੂਸ਼ਕ ਕਿਹਾ ਜਾਂਦਾ ਹੈ।

**ਪ੍ਰਸ਼ਨ 12. ਘਰੇਲੂ ਸਬਜ਼ੀਆਂ ਦੀ ਰਹਿੰਦ-ਖੂੰਹਦ ਨੂੰ ਕਿਸ ਤਰ੍ਹਾਂ ਵਰਤਿਆ ਜਾ ਸਕਦਾ ਹੈ ?**

ਉੱਤਰ: ਸਬਜ਼ੀਆਂ ਦੀ ਰਹਿੰਦ-ਖੂੰਹਦ ਨੂੰ ਬਨਸਪਤੀ ਖਾਦ/ਕੰਪੋਸਟ ਖਾਦ ਤਿਆਰ ਕਰਨ ਦੇ ਲਈ ਵਰਤਿਆ ਜਾ ਸਕਦਾ ਹੈ।

**ਪ੍ਰਸ਼ਨ 13. ਸਾਈਲੈਂਟ ਘਾਟੀ ਕਿੱਥੇ ਸਥਿਤ ਹੈ ?**

ਉੱਤਰ: ਸਾਈਲੈਂਟ ਘਾਟੀ ਕੇਰਲਾ ਦੇ ਪੱਛਮੀ ਘਾਟ ਵਿਖੇ ਸਥਿਤ ਹੈ।

**ਪ੍ਰਸ਼ਨ 14. ਜਨਸੰਖਿਆ ਤੋਂ ਕੀ ਭਾਵ ਹੈ ?**

ਉੱਤਰ: ਕਿਸੇ ਵਿਸ਼ੇਸ਼ ਸਥਾਨ ਅਤੇ ਵਿਸ਼ੇਸ਼ ਸਮੇਂ 'ਤੇ ਰਹਿਣ ਵਾਲੇ ਸਜੀਵਾਂ ਦੀ ਜਾਤੀ ਵੱਲੋਂ ਬਣਾਈ ਗਈ ਬਣਤਰ ਨੂੰ ਜਨਸੰਖਿਆ ਆਖਦੇ ਹਨ।

**ਪ੍ਰਸ਼ਨ 15. ਕੋਲੇ ਦੀਆਂ ਦੋ ਕਿਸਮਾਂ ਦੇ ਨਾਂ ਦੱਸੋ।**

ਉੱਤਰ: 1. ਪੀਟ

2. ਲਿਗਨਾਈਟ

3. ਐਥ੍ਰਾਸਾਈਟ।

**ਪ੍ਰਸ਼ਨ 16. ਵਿਸ਼ਵ ਦੇ ਤਾਪਮਾਨ ਵਿੱਚ ਵਾਧੇ ਦੇ ਲਈ ਕਿਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ?**

ਉੱਤਰ: ਗਲੋਬਲ ਵਾਰਮਿੰਗ (Global Warming)।

**ਪ੍ਰਸ਼ਨ 17. CFC ਅਤੇ DU ਦਾ ਵਿਸ਼ਾਲ ਰੂਪ ਲਿਖੋ।**

ਉੱਤਰ: CFC –ਕਲੋਰੋਫਲੋਰੋ ਕਾਰਬਨਜ਼ (Cholorfloro Carbons)

DU – ਡਾੱਬਸਨ ਇਕਾਈ (Dobson Unit)

**ਪ੍ਰਸ਼ਨ 18. 3R ਸਿਧਾਂਤ ਕੀ ਹੈ ?**

ਉੱਤਰ: 3R ਸਿਧਾਂਤ :

R – Reuse (ਮੁੜ ਵਰਤੋਂ)

R - Recycling (ਪੁਨਰ ਚੱਕਰਣ)

R - Reduce (ਘੱਟ ਕਰਨਾ)।

**ਪ੍ਰਸ਼ਨ 19. ਵਣ ਮਹਾਂਉਤਸਵ ਕਿਸਨੇ ਸ਼ੁਰੂ ਕੀਤਾ?**

ਉੱਤਰ: ਕੇ.ਐਮ.ਮੁਨਸ਼ੀ ਨੇ ਸੰਨ 1950 ਵਿੱਚ ਸ਼ੁਰੂ ਕੀਤਾ।

**ਪ੍ਰਸ਼ਨ 20. ਭੋਜਨ ਦੇ ਮੁੱਖ ਅੰਸ਼ ਕਿਹੜੇ ਹਨ?**

ਉੱਤਰ: ਕਾਰਬੋਹਾਈਡ੍ਰੇਟ, ਪ੍ਰੋਟੀਨ, ਚਰਬੀ, ਵਿਟਾਮਿਨਜ਼, ਸਬਜ਼ੀਆਂ, ਦਾਲਾਂ ਅਤੇ ਪਾਣੀ ਆਦਿ।

**ਪ੍ਰਸ਼ਨ 21. ਜਨਸੰਖਿਆਂ ਦੀਆਂ ਦੋ ਕਿਸਮਾਂ ਕਿਹੜੀਆਂ -ਕਿਹੜੀਆਂ ਹਨ?**

ਉੱਤਰ: 1. ਇਕਹਿਰੀ ਜਾਤੀ ਵਾਲੀ ਵਸੋਂ।

2. ਮਿਸ਼ਰਿਤ ਜਾਂ ਬਹੁਜਾਤੀ ਜਨਸੰਖਿਆ।

**ਪ੍ਰਸ਼ਨ 22. ਡੀ.ਡੀ.ਟੀ. ਕਿਉਂ ਨਹੀਂ ਵਰਤਦੇ?**

ਉੱਤਰ: ਕਿਉਂਕਿ ਇਹ ਭੋਜਨ ਲੜੀ ਵਿੱਚ ਦਾਖਲ ਹੋ ਕੇ ਮਨੁੱਖਾਂ ਵਿੱਚ ਕਈ ਪ੍ਰਕਾਰ ਦੀਆਂ ਬਿਮਾਰੀਆਂ ਪੈਦਾ ਕਰਦੀ ਹੈ।

**ਪ੍ਰਸ਼ਨ 23. ਪ੍ਰਦੂਸ਼ਣ ਦੀ ਪ੍ਰੀਭਾਸ਼ਾ ਦਿਉ।**

ਉੱਤਰ: ਪਾਣੀ, ਹਵਾ ਅਤੇ ਮਿੱਟੀ ਦੇ ਭੌਤਿਕ, ਰਸਾਇਣਿਕ ਅਤੇ ਜੈਵਿਕ ਗੁਣਾਂ ਵਿੱਚ ਪੈਦਾ ਹੋਈ ਅਣਚਾਹੀ ਤਬਦੀਲੀ ਨੂੰ ਪ੍ਰਦੂਸ਼ਣ ਆਖਦੇ ਹਨ।

**ਪ੍ਰਸ਼ਨ 24. ਅਜਿਹੀਆਂ ਚਾਰ ਉਦਯੋਗਿਕ ਪ੍ਰਤੀਕਿਰਿਆਵਾਂ ਦੇ ਨਾਂ ਦੱਸੋ ਜਿਹੜੇ ਠੋਸ ਕਚਰਾ ਪੈਦਾ ਕਰਦੇ ਹਨ?**

ਉੱਤਰ: 1. ਖਾਣਾਂ ਦੀ ਖੁਦਾਈ

2. ਕੱਪੜਾ ਉਦਯੋਗ

3. ਭਵਨ ਨਿਰਮਾਣ

4. ਸੀਮੈਂਟ ਦੇ ਕਾਰਖਾਨੇ।

**ਪ੍ਰਸ਼ਨ 25. ਸੋਸਲ ਫਾਰਸੈਟਰੀ ਦੇ ਤਿੰਨ ਮੁੱਖ ਵਰਗ ਕਿਹੜੇ ਹਨ?**

ਉੱਤਰ: 1. ਫਾਰਮ ਫਾਰੈਸਟਰੀ

2. ਸਮੁਦਾਇ ਫਾਰਸੈਟਰੀ

3. ਐਗਰੋ-ਫਾਰੈਸਟਰੀ।

## DAY-THREE

✡ ***ਖਾਲੀ ਸਥਾਨ ਭਰੋ:-***

### Unit-I (Biodiversity)

1. ਕੁਨੀਨ ਦਵਾਈ ......................ਪੌਦੇ ਤੋਂ ਪ੍ਰਾਪਤ ਕੀਤੀ ਜਾਂਦੀ ਹੈ।
2. ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਨਾਗ ਪੰਚਮੀ ਤੇ ...................... ਜੀਵ ਦੀ ਪੂਜਾ ਕੀਤੀ ਜਾਂਦੀ ਹੈ।
3. ਚੂਹੇ ਦਾ ...................... ਦੇਵਤੇ ਨਾਲ ਸੰਬੰਧ ਹੈ।
4. ਬੰਦੀਪੁਰ ਮੈਸੂਰ ਨੈਸ਼ਨਲ ਪਾਰਕ ਵਿੱਚ ......................ਪ੍ਰਜਾਤੀ ਪਾਈ ਜਾਂਦੀ ਹੈ।

5. NEP ਦਾ ਪੂਰਾ ਨਾਂ ............................................................. ਹੈ।

6. ਬੋਟੈਨੀਕਲ ਸਰਵੇ ਆਫ ਇੰਡੀਆ ਦੀ ਲਾਲ ਡਾਟਾ ਕਿਤਾਬ ਵਿੱਚ...................... ਜਾਤੀਆਂ ਦਰਜ ਹਨ।

**ਉੱਤਰ: 1. ਸਿਨਕੋਨਾ 2.ਸੱਪ 3.ਗਣੇਸ਼ 4.ਹਾਥੀ 5.National Environment Programme 6.427**

## Unit-II (Environmental Management)

1. EKC ਦਾ ਵਿਸਥਾਰ ਰੂਪ ..........................................ਹੈ।
2. ਵਾਤਾਵਰਨ ਦੀ ਸਾਂਭ-ਸੰਭਾਲ ਲਈ ...................... ਸ਼ਬਦ ਵਰਤਿਆ ਜਾਂਦਾ ਹੈ।
3. ਹਰ ਸਾਲ ...................... ਡੈਮ ਬਣਾਏ ਜਾਂਦੇ ਹਨ।
4. ਲਾਈਕੇਨ ...................... ਅਤੇ ......................ਗੈਸਾਂ ਪ੍ਰਤੀ ਸੰਵੇਦਨਸ਼ੀਨ ਹਨ।
5. ਪੱਛਮੀ ਜਰਮਨੀ ਦਾ ਈਕੋ ਮਾਰਕ ...................... ਹੈ।
6. ਈਕੋ ਮਾਰਕ ਦੀ ਸਕੀਮ ਸਭ ਤੋਂ ਪਹਿਲਾਂ ......................ਦੇਸ਼ ਵਿੱਚ ਲਾਗੂ ਕੀਤੀ ਗਈ।

**ਉੱਤਰ: 1. Environment Kuznet Curve 2.ਵਾਤਾਵਰਨ ਪ੍ਰਬੰਧਨ 3.ਲਗਭਗ 160 ਤੋਂ 230 4.ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਆਕਸਾਈਡ 5.ਬਲਿਉ ਏਂਜਲ 6.ਪੱਛਮੀ ਜਰਮਨੀ**

## Unit-III (Sustainable Development)

1. "ਸਾਡੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਲਈ ਕੁਦਰਤ ਕੋਲ ਹਰਕੇ ਚੀਜ਼ ਹੈ ਪਰ ਸਾਡਾ ਲਾਲਚ ਪੂਰਾ ਕਰਨ ਦੇ ਲਈ ਨਹੀਂ।" ਇਹ ਸ਼ਬਦ ...................... ਨੇ ਕਹੇ।
2. "ਭਾਖੜਾ ਨੰਗਲ ਡੈਮ ਭਾਰਤ ਦੇ ਮੰਦਰ ਹਨ।" ਇਹ ਵਿਚਾਰ ...................... ਦੇ ਹਨ।
3. WHO ਦਾ ਪੂਰਾ ਨਾਮ ...................... ਹੈ।
4. ਅਪੀਕੋ ਅੰਦੋਲਨ .........................ਈ. ਵਿੱਚ ਸ਼ੁਰੂ ਹੋਇਆ।
5. ਰਾਜ ਪ੍ਰਦੂਸ਼ਣ ਕੰਟ੍ਰੋਲ ਬੋਰਡ ਐਕਟ ਦੀ ........................ਧਾਰਾ ਅਨੁਸਾਰ ਕੰਮ ਕਰਦਾ ਹੈ।
6. ਨਰਮਦਾ ਬਚਾਓ ਅੰਦੋਲਨ ਦਾ ......................ਨੇ ਸਹਿਯੋਗ ਕੀਤਾ।

**ਉੱਤਰ: 1.ਮਹਾਤਮਾ ਗਾਂਧੀ 2.ਪੰਡਿਤ ਜਵਾਹਰ ਲਾਲ ਨਹਿਰੂ 3.World Health Organisation 4.1983 5.ਧਾਰਾ-7B 6.ਮੇਧਾ ਪਾਟਕਰ**

## Unit-IV (Sustainable Agriculture)

1. ਹਰੀ ਕ੍ਰਾਂਤੀ ਦਾ ਜਨਮਦਾਤਾ .......................... ਹੈ।
2. ਇੱਕ ਏਕੜ ਜੀਵਤ ਮਿੱਟੀ ਦੀ ਉਪਰਲੀ ਪਰਤ ਵਿੱਚ .......................... ਪੌਂਡ ਗੰਡੋਏ ਹੁੰਦੇ ਹਨ।
3. ਹਰੀ ਕ੍ਰਾਂਤੀ ਦਾ ਮੁੱਖ ਮੰਤਵ .......................... ਸੀ।
4. ਮਿਸ਼ਰਿਤ ਫਸਲੀ ਵੇਲੇ ਕਣਕ ਨਾਲ .......................... ਅਤੇ .......................... ਦੋ ਫਸਲਾਂ ਨੂੰ ਬੀਜਿਆ ਜਾਂਦਾ ਹੈ।
5. GMC ਦਾ ਵਿਸਥਾਰ ਰੂਪ .......................... ਹੈ।
6. ਚਾਵਲ ਅਤੇ ਕਣਕ .......................... ਸਾਲ ਫਸਲ ਚੱਕਰ ਦੀ ਉਦਾਹਰਣ ਹੈ।

**ਉੱਤਰ: 1.ਪ੍ਰੋ.ਐਮ.ਐਸ.ਸਵਾਮੀਨਾਥਨ 2.900 3.ਵੱਧ ਅਨਾਜ ਪੈਦਾ ਕਰਨਾ 4.ਸਰ੍ਹੋਂ, ਮਟਰ 5.Genetically Modified Crop 6.ਇੱਕ**

## Unit-V (Environmental Actions)

1. .........................., .........................., .......................... ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ।
2. ਪ੍ਰਦੂਸ਼ਣ ਘਟਾਉਣ ਲਈ ਸਾਨੂੰ ਵਾਹਨਾਂ ਵਿੱਚ .......................... ਬਾਲਣ ਦੀ ਵਰਤੋਂ ਕਰਨੀ ਚਾਹੀਦੀ ਹੈ।
3. ..........................ਗੈਸ ਗ੍ਰੀਨ ਹਾਊਸ ਪ੍ਰਭਾਵ ਪੈਦਾ ਕਰਦੀ ਹੈ।
4. ਵਰਮੀ ਕੰਪੋਸਟਿੰਗ ਵਿੱਚ ..................ਜੀਵ ਦੀ ਵਰਤੋਂ ਕੀਤੀ ਜਾਂਦੀ ਹੈ।
5. ਵਣ ਮਹਾਂਉਤਸਵ ..........................ਵਿੱਚ ਸ਼ੁਰੂ ਕੀਤਾ ਗਿਆ।
6. ਇੱਕ ਵਿਅਕਤੀ ਰੋਜ਼ਾਨਾ ਔਸਤਨ ..........................ਗ੍ਰਾਮ ਠੋਸ ਵਿਅਰਥ ਪੈਦਾ ਕਰਦਾ ਹੈ।

**ਉੱਤਰ: 1.ਰੋਟੀ, ਕੱਪੜਾ, ਮਕਾਨ 2. ਨਿਪੀੜਨ ਕੁਦਰਤੀ ਗੈਸ 3. ਕਾਰਬਨ ਡਾਈਆਕਸਾਈਡ 4. ਗੰਡੋਏ 5. 1950 6. 500**

# DAY-FOUR

✡ ***ਸਹੀ/ਗਲਤ :-***

## Unit-I (Biodiversity)

1. ਜੈਵਿਕ ਵਿਭਿੰਨਤਾ ਦੀਆਂ 3 ਕਿਸਮਾਂ ਹਨ। ☐
2. ਜਿੰਨਾ ਜਾਤੀਆਂ ਦੀ ਗਿਣਤੀ ਚਿੰਤਾਜਨਕ ਪੱਧਰ ਤੱਕ ਘੱਟ ਚੁੱਕੀ ਹੈ, ਉਹਨਾਂ ਨੂੰ ਦੁਰਲੱਭ ਜਾਤੀਆ ਕਹਿੰਦੇ ਹਨ। ☐
3. ਸੰਯੁਕਤ ਰਾਸ਼ਟਰ ਦੀ ਸਰਪ੍ਰਸਤੀ ਹੇਠ ਵਾਤਾਵਰਨ ਸੰਬੰਧੀ ਪਹਿਲੀ ਕਾਨਫਰੰਸ 7 ਜੂਨ, 1972 ਨੂੰ ਸਟਾਕਹੋਮ ਵਿੱਚ

ਹੋਈ।

4. ਤੁਲਸੀ ਅਤੇ ਪਿੱਪਲ ਦੋ ਪਵਿੱਤਰ ਪੌਦੇ ਹਨ।
5. MAB ਦਾ ਪੂਰਾ ਨਾਂ Man and Biosphere Programme ਹੈ।
6. ਮਲੇਰੀਆ ਬੁਖਾਰ ਦੇ ਇਲਾਜ ਲਈ ਵਰਤੀ ਜਾਣ ਵਾਲੀ ਦਵਾਈ ਦਾ ਨਾਂ ਤੁਲਸੀ ਹੈ।

**ਉੱਤਰ: 1. ਸਹੀ 2.ਗ਼ਲਤ 3. ਸਹੀ 4.ਸਹੀ 5. ਸਹੀ 6. ਗ਼ਲਤ**

## Unit-II (Environmental Management)

1. ਜ਼ਹਿਰੀਲਾਂ ਗੈਸਾਂ ਵਾਲੇ ਪ੍ਰਦੂਸ਼ਣ ਨੂੰ ਉੱਚਿਤ ਗਿੱਲੇ ਸਕਰਵਰਾਂ ਨਾਲ ਸੋਧ ਕਰਕੇ ਦੂਰ ਕੀਤਾ ਜਾ ਸਕਦਾ ਹੈ।
2. ਉਦਯੋਗੀਕਰਨ ਅਤੇ ਸ਼ਹਿਰੀਕਰਨ ਆਰਥਿਕ ਵਿਕਾਸ ਦੇ ਮਹੱਤਵਪੂਰਨ ਸੂਚਕਾਂ ਦੇ ਨਾਂ ਨਹੀਂ ਹਨ।
3. GDP ਦਾ ਪੂਰਾ ਨਾਂ Growth Domestic Product ਹੈ।
4. ਭਾਰਤ ਦਾ ਪਰਿਸਥਿਤਿਕ ਚਿੰਨ੍ਹ ਮਿੱਟੀ ਦਾ ਘੜਾ ਹੈ।
5. ਈਕੋ ਮਾਰਕ ਦੀ ਸਕੀਮ ਸਭ ਤੋਂ ਪਹਿਲਾਂ ਫਰਾਂਸ ਵਿੱਚ ਸ਼ੁਰੂ ਕੀਤੀ ਗਈ।
6. ਲਾਈਕਨਜ਼ ਹਵਾ ਦੀ ਗੁਣਵੱਤਾ ਬਾਰੇ ਸੂਚਨਾ ਦਿੰਦੇ ਹਨ।

**ਉੱਤਰ: 1. ਸਹੀ 2.ਗ਼ਲਤ 3. ਸਹੀ 4.ਸਹੀ 5. ਗ਼ਲਤ 6. ਸਹੀ**

## Unit-III (Sustainable Development)

1. 3R ਦਾ ਅਰਥ ਹੈ -ਘਟਾਉਣਾ, ਪੁਨਰ ਵਰਤੋਂ ਅਤੇ ਪੁਨਰ ਚੱਕਰ।
2. ਜਿਹੜੇ ਸਾਧਨ ਮਸ਼ੀਨਾਂ, ਸੰਦਾਂ ਅਤੇ ਪ੍ਰਗਤੀ ਵੱਲ ਸੰਕੇਤ ਕਰਨ ਉਹਨਾਂ ਸਾਧਨਾਂ ਨੂੰ ਮਨੁੱਖੀ ਸਾਧਨ ਕਹਿੰਦੇ ਹਨ।
3. UNEP ਦਾ ਪੂਰਾ ਨਾਂ United Nations Environment Programme ਹੈ।
4. ਉਸ ਅੰਦੋਲਨ ਦਾ ਨਾਂ ਐਪੀਕੋ ਅੰਦੋਲਨ ਹੈ, ਜਿਸ ਵਿੱਚ ਲੋਕਾਂ ਨੇ ਰੁੱਖਾਂ ਨੂੰ ਕਲਾਵੇ ਵਿੱਚ ਲੈ ਲਿਆ।
5. NCPC ਦੀ ਸਥਾਪਨਾ 1972 ਈ. ਵਿੱਚ ਕੀਤੀ ਗਈ।
6. ਦੂਜੀ ਪ੍ਰਿਥਵੀ ਉੱਚਕੋਟੀ ਮੀਟਿੰਗ 1993 ਵਿੱਚ ਹੋਈ।

**ਉੱਤਰ: 1. ਸਹੀ 2.ਗ਼ਲਤ 3. ਸਹੀ 4.ਗ਼ਲਤ 5. ਸਹੀ 6. ਗ਼ਲਤ**

## Unit-IV (Sustainable Agriculture)

1. ਖੇਤ ਵਿੱਚ ਉਗਾਏ ਜਾਣ ਵਾਲੇ ਜਾਂ ਸੰਭਾਲੇ ਜਾਣ ਵਾਲੇ ਪੌਦਿਆਂ ਨੂੰ ਫਸਲੀ ਪੌਦੇ ਕਹਿੰਦੇ ਹਨ।
2. ਭੋ ਖੋਰ ਰੋਕਣ ਲਈ ਰੁੱਖ ਲਗਾਉਣੇ ਚਾਹੀਦੇ ਹਨ।
3. ਚਾਵਲ ਅਤੇ ਕਣਕ ਦੋ ਸਾਲ ਫਸਲ ਚੱਕਰ ਦੀ ਉਦਾਹਰਨ ਹੈ।
4. ਖੀਰਾ ਇੱਕ ਜੜ੍ਹ ਵਾਲੀ ਫਸਲ ਹੈ।
5. ਭੋਜਨ ਦੀ ਸਾਂਭ ਸੰਭਾਲ ਦਾ ਉੱਤਮ ਢੰਗ ਧੁੱਪ ਵਿੱਚ ਸੁਕਾਉਣਾ ਹੈ।
6. ਐਜੋਬਰੈਕਟਰ ਨਾਈਟ੍ਰੋਜਨ ਦੇ ਸਥਿਰੀਕਰਨ ਵਾਲਾ ਬੈਕਟੀਰੀਆ ਨਹੀਂ ਹੈ।

**ਉੱਤਰ: 1. ਸਹੀ 2.ਸਹੀ 3. ਗ਼ਲਤ 4.ਸਹੀ 5. ਸਹੀ 6. ਗ਼ਲਤ**

## Unit-V (Environmental Actions)

1. ਤਾਜੇ ਪਾਣੀ ਦਾ ਸੋਮਾ ਤਾਲਾਬ ਦਾ ਪਾਣੀ ਹੈ।
2. ਪੀਟ ਕੋਲੇ ਦੀ ਸਭ ਤੋਂ ਵਧੀਆ ਕਿਸਮ ਹੈ।
3. ਵਣ ਮਹਾਉਤਸਵ ਕੇ. ਐਮ. ਮੁਨਸੀ ਨੇ ਸ਼ੁਰੂ ਕੀਤਾ।
4. ਜਿਮਕੋਰਬੈਟ ਰਾਸ਼ਟਰੀ ਪਾਰਕ ਉਤਰਾਖੰਡ ਵਿੱਚ ਸਥਿਤ ਹੈ।
5. ਸਿਲੀਕੋਸਿਸ ਰੋਗ ਦਾ ਕਾਰਨ ਲੋਹਾ ਹੈ।
6. ਕੋਲੇ ਦੀ ਵਰਤੋਂ ਬਾਲਣ ਦੇ ਰੂਪ ਵਿੱਚ ਹੁੰਦੀ ਹੈ।

**ਉੱਤਰ: 1. ਗ਼ਲਤ 2.ਗ਼ਲਤ 3. ਸਹੀ 4.ਸਹੀ 5. ਗ਼ਲਤ 6. ਸਹੀ**

# DAY-FIVE

***Question no 2 to 6 (Total 5 questions) will be 2 marks each. Answer to each question will be in 20-30 words*** ***(5×2=10)***

## Unit-I (Biodiversity)

**ਪ੍ਰਸ਼ਨ 1. ਲੋੜ ਤੋਂ ਵੱਧ ਸ਼ਿਕਾਰ ਕਰਨ ਕਰਕੇ ਲੁਪਤ ਹੋਈਆਂ ਜਾਤੀਆਂ ਦੇ ਨਾਂ ਦੱਸੋ।**

ਉੱਤਰ: ਜੈਬਰਾ, ਤਸਮਾਨੀਆਂ ਦਾ ਭੇੜੀਆਂ ਅਤੇ ਡੋ-ਡੋ ਆਦਿ ਜਾਤੀਆਂ ਸ਼ਿਕਾਰ ਕਰਨ ਕਰਕੇ ਲੁਪਤ ਹੋ ਚੁੱਕੀਆਂ ਹਨ। ਇੱਕ ਜਾਤੀ ਦੇ ਲੁਪਤ ਹੋਣ ਨਾਲ ਦੂਜੀਆਂ ਜਾਤੀਆਂ ਵੀ ਲੁਪਤ ਹੋ ਸਕਦੀਆਂ ਹਨ।

**ਪ੍ਰਸ਼ਨ 2. ਸ਼ਾਕਾਹਾਰੀ ਦੀ ਪ੍ਰੀਭਾਸ਼ਾ ਦਿਉ।**

ਉੱਤਰ: ਉਹ ਜੀਵ ਜੋ ਹਰੇ ਪੌਦਿਆਂ ਨੂੰ ਆਪਣੇ ਭੋਜਨ ਵਜੋਂ ਵਰਤਦੇ ਹਨ, ਉਨ੍ਹਾਂ ਨੂੰ ਸ਼ਾਕਾਹਾਰੀ ਕਿਹਾ ਜਾਂਦਾ ਹੈ। ਜਿਵੇਂ- ਹਿਰਨ, ਬੱਤਖ, ਭੇਡ, ਬੱਕਰੀ ਆਦਿ। ਉਹ ਮਨੁੱਖ ਜੋ ਸਾਗ-ਸਬਜ਼ੀ ਖਾਣਾ ਪਸੰਦ ਕਰਦੇ ਹਨ ਉਨ੍ਹਾਂ ਨੂੰ ਵੀ ਸ਼ਾਕਾਹਾਰੀ ਕਿਹਾ ਜਾਂਦਾ ਹੈ।

**ਪ੍ਰਸ਼ਨ 3. ਅਲੋਪ ਹੋਣ ਦਾ ਮੁੱਖ ਕਾਰਨ ਕੀ ਹੈ?**

ਉੱਤਰ: ਜੀਵਾਂ ਦੇ ਅਲੋਪ ਹੋਣ ਤੋਂ ਭਾਵ ਉਨ੍ਹਾਂ ਦਾ ਖਤਮ ਹੋਣਾ ਹੈ। ਇਸਦੇ ਕਈ ਕਾਰਨ ਹਨ ਜਿਵੇਂ:

1. ਮਨੁੱਖ ਦੇ ਲਾਲਚ ਦਾ ਵਧਣਾ
2. ਵਾਤਾਵਰਨ ਵਿੱਚ ਪ੍ਰਦੂਸ਼ਣ ਦਾ ਵਧਣਾ
3. ਵਿਦੇਸ਼ੀ ਜਾਤੀਆਂ ਦੀ ਆਮਦ ਦਾ ਵਧਣਾ
4. ਰਾਸ਼ਟਰੀ ਤੇ ਅੰਤਰ ਰਾਸ਼ਟਰੀ ਵਪਾਰ ਦਾ ਵਧਣਾ।

**ਪ੍ਰਸ਼ਨ 4. ਆਪਣੇ ਇਲਾਕੇ ਦੇ ਕੁੱਝ ਦਵਾਈਆਂ ਦੇਣ ਵਾਲੇ ਪੌਦਿਆਂ ਦੇ ਨਾਂ ਅਤੇ ਲਾਭ ਦੱਸੋ।**

ਉੱਤਰ: **ਨਿੰਮ:** ਨਿੰਮ ਦੀਆਂ ਨਰਮ ਤੇ ਕੂਲੀਆਂ ਸਾਖਾਂ ਨੂੰ ਦਾਤਨ ਵਜੋਂ ਵਰਤਿਆ ਜਾਂਦਾ ਹੈ। ਨਿੰਮ ਦੇ ਸੁੱਕੇ ਪੱਤਿਆਂ ਦੀ ਵਰਤੋਂ ਕੀਟਾਣੂ ਰੋਧਕ ਵਜੋਂ ਕੀਤੀ ਜਾਂਦੀ ਹੈ।

**ਤੁਲਸੀ :** ਇਸਦੀ ਵਰਤੋਂ ਖਾਂਸੀ ਤੇ ਜੁਕਾਮ ਆਦਿ ਦਾ ਇਲਾਜ ਕਰਨ ਲਈ ਕੀਤੀ ਜਾਂਦੀ ਹੈ।

**ਅਲੋਵੀਰਾ:** ਇਸਦੀ ਵਰਤੋਂ ਚਮੜੀ ਦੀ ਬਿਮਾਰੀ ਦੂਰ ਕਰਨ ਲਈ ਕੀਤੀ ਜਾਂਦੀ ਹੈ।

**ਪ੍ਰਸ਼ਨ 5. ਆਪਣੇ ਖੇਤਰ ਦੇ ਦੋ-ਦੋ ਸ਼ਾਕਾਹਾਰੀ, ਮਾਸਾਹਾਰੀ ਅਤੇ ਸਰਬਆਹਾਰੀ ਜੰਤੂਆਂ ਦੇ ਨਾਂ ਦੱਸੋ।**

ਉੱਤਰ: **ਸ਼ਾਕਾਹਾਰੀ ਜੰਤੂ :** ਹਿਰਨ, ਬੱਤਖ, ਭੇਡ, ਬੱਕਰੀ।

**ਮਾਸਾਹਾਰੀ ਜੰਤੂ :** ਭੇੜੀਆ, ਸ਼ੇਰ, ਬਿੱਲੀ, ਇੱਲ, ਡਰੈਗਨ ਮੱਖੀ।

**ਸਰਬਆਹਾਰੀ ਜੰਤੂ :** ਕਾਂ, ਰਿੱਛ ਤੇ ਮਨੁੱਖ।

**ਪ੍ਰਸ਼ਨ 6. ਮੌਕੇ ਤੋਂ ਪਰ੍ਹੇ ਸਾਂਭ-ਸੰਭਾਲ ਦੀ ਪ੍ਰੀਭਾਸ਼ਾ ਦਿਉ।**

ਉੱਤਰ: ਕਈ ਵਾਰ ਅਜਿਹੇ ਹਾਲਾਤ ਪੈਦਾ ਹੋ ਜਾਂਦੇ ਹਨ, ਕਿ ਜੰਗਲੀ ਜੀਵਾਂ ਨੂੰ ਉਸ ਹਾਲਾਤ ਵਿੱਚ ਖਤਰਾ ਪੈਦਾ ਹੋ ਜਾਂਦਾ ਹੈ। ਅਜਿਹੀ ਹਾਲਤ ਵਿੱਚ ਉਨ੍ਹਾਂ ਨੂੰ ਕੁਦਰਤੀ ਨਿਵਾਸ ਸਥਾਨਾਂ ਤੋਂ ਬਾਹਰ ਰੱਖ ਕੇ ਉਨ੍ਹਾਂ ਦੀ ਸਾਂਭ-ਸੰਭਾਲ ਕੀਤੀ ਜਾਂਦੀ ਹੈ। ਉਸਨੂੰ ਹੀ ਸਥਾਨ ਬਾਹਰੀ ਜਾਂ ਮੌਕੇ ਤੋਂ ਪਰ੍ਹੇ ਸਾਂਭ-ਸੰਭਾਲ ਆਖਦੇ ਹਨ ਜਿਵੇਂ - ਚਿੜੀਆ ਘਰ।

**ਪ੍ਰਸ਼ਨ 7. ਸ੍ਰੋਤਾਂ ਦੀ ਸੀਮਾਂਬੱਧਤਾ ਤੋਂ ਕੀ ਭਾਵ ਹੈ ?**

ਉੱਤਰ: ਸ੍ਰੋਤਾਂ ਦੀ ਸੀਮਾਂਬੱਧਤਾ ਤੋਂ ਭਾਵ ਹੈ ਕਿ ਕੁਦਰਤੀ ਸਾਧਨਾਂ ਦੀ ਵੀ ਕੋਈ ਹੱਦ ਹੈ ਅਤੇ ਇਨ੍ਹਾਂ ਸਾਧਨਾਂ ਦੀ ਵਰਤੋਂ ਬੜੀ ਸਮਝਦਾਰੀ ਨਾਲ ਕਰਨੀ ਚਾਹੀਦੀ ਹੈ। ਜ਼ਮੀਨ, ਹਵਾ, ਪਾਣੀ ਅਤੇ ਖਣਿਜ ਪਦਾਰਥ ਕੁਦਰਤੀ ਸਾਧਨਾਂ ਵਿੱਚ ਸ਼ਾਮਿਲ ਹਨ।

**ਪ੍ਰਸ਼ਨ 8. ਪਸ਼ੂ-ਪੰਛੀਆਂ ਦੀ ਆਰਥਿਕ ਮਹੱਤਤਾ ਦੇ ਕੋਈ ਤਿੰਨ ਪਹਿਲੂ ਲਿਖੋ।**

ਉੱਤਰ:
1. ਪਸ਼ੂਆਂ ਜਿਵੇਂ ਮੱਝਾਂ, ਗਾਈਆਂ, ਬੱਕਰੀਆਂ ਤੇ ਭੇਡਾਂ ਤੋਂ ਸਾਨੂੰ ਦੁੱਧ, ਮਾਸ ਅਤੇ ਖੱਲਾਂ ਪ੍ਰਾਪਤ ਹੁੰਦੀਆਂ ਹਨ।
2. ਬੈਲਾਂ, ਝੋਟਿਆਂ, ਹਾਥੀਆਂ ਤੋਂ ਢੋਆ-ਢੁਆਈ ਦਾ ਕੰਮ ਲਿਆ ਜਾਂਦਾ ਹੈ।
3. ਮੁਰਗੀਆਂ, ਬੱਤਖਾਂ ਤੇ ਤਿੱਤਰ ਆਦਿ ਤੋਂ ਮਾਸ ਤੇ ਆਂਡੇ ਪ੍ਰਾਪਤ ਹੁੰਦੇ ਹਨ।

**ਪ੍ਰਸ਼ਨ 9. ਨਿਵਾਸ-ਸਥਾਨ ਦੇ ਖੰਡਿਤ ਹੋਣ ਤੋਂ ਕੀ ਭਾਵ ਹੈ ?**

ਉੱਤਰ: ਉਹ ਤਰੀਕਾ ਜਿਸਦੇ ਦੁਆਰਾ ਕਿਸੇ ਵੱਡੇ ਨਿਵਾਸ ਸਥਾਨ ਨੂੰ ਛੋਟੇ-ਛੋਟੇ ਆਕਾਰ ਵਾਲੇ ਕਈ ਖੇਤਰਾਂ ਵਿੱਚ ਵੰਡਿਆ ਜਾਵੇ, ਤਾਂ ਇਸ ਵੰਡ ਨੂੰ ਨਿਵਾਸ ਸਥਾਨ ਦਾ ਵਿਖੰਡਨ ਆਖਦੇ ਹਨ। ਸੜਕਾਂ, ਨਹਿਰਾਂ ਤੇ ਰੇਲ-ਪਟੜੀਆਂ ਵਿਛਾਉਣਾ ਇਸਦੇ ਮੁੱਖ ਕਾਰਨ ਹਨ।

**ਪ੍ਰਸ਼ਨ 10. ਜੈਵਿਕ ਵਿਭਿੰਨਤਾ ਤੋਂ ਕੀ ਭਾਵ ਹੈ ?**

ਉੱਤਰ: ਪੌਦਿਆਂ ਅਤੇ ਜੰਤੂਆਂ ਦੀਆਂ ਭਿੰਨ-ਭਿੰਨ ਕਿਸਮਾਂ ਨੂੰ ਜੈਵਿਕ ਵਿਭਿੰਨਤਾ ਕਹਿੰਦੇ ਹਨ। ਇਹ ਕਿਸੇ ਖੇਤਰ ਵਿੱਚ ਪਾਏ ਜਾਣ ਵਾਲੇ ਪੌਦਿਆਂ, ਜੰਤੂਆਂ ਦੀਆਂ ਕਿਸਮਾਂ ਨੂੰ ਦਰਸਾਉਂਦਾ ਹੈ। ਜਿਵੇਂ -ਕੁੱਤਾ, ਬਿੱਲੀ, ਟਾਹਲੀ, ਕਿੱਕਰ ਆਦਿ।

**ਪ੍ਰਸ਼ਨ 11. ਮਾਰਫੀਨ (Marphine) ਕਿਸ ਪੌਦੇ ਤੋਂ ਪ੍ਰਾਪਤ ਹੁੰਦੀ ਹੈ ਤੇ ਕਿਸ ਕੰਮ ਆਉਂਦੀ ਹੈ ?**

ਉੱਤਰ: ਮਾਰਫੀਨ ਪੈਪੇਅਰ ਸੋਮਨਫੇਰਮ (Pappauer Somniferum) ਨਾਂ ਦੇ ਪੌਦੇ ਤੋਂ ਪ੍ਰਾਪਤ ਹੁੰਦੀ ਹੈ। ਇਸਨੂੰ ਪੀੜ ਨਿਵਾਰਕ (Pain Killer) ਵਜੋਂ ਵਰਤਦੇ ਹਨ।

**ਪ੍ਰਸ਼ਨ 12. ਸੰਕਟ ਵਿਚਲੀਆਂ ਜਾਤੀਆਂ ਤੋਂ ਕੀ ਭਾਵ ਹੈ ?**

ਉੱਤਰ: ਜਿਨ੍ਹਾਂ ਜਾਤੀਆਂ ਦੀ ਸੰਖਿਆ ਚਿੰਤਾਜਨਕ ਹੱਦ ਤੱਕ ਘੱਟ ਹੁੰਦੀ ਜਾ ਰਹੀ ਹੈ ਜਾਂ ਜਿਨ੍ਹਾਂ ਦੇ ਨਿਵਾਸ ਸਥਾਨ ਬਹੁਤ ਨੀਵੀਂ ਪੱਧਰ ਤੱਕ ਘੱਟ ਗਏ ਹੋਣ, ਅਜਿਹੀਆਂ ਜਾਤੀਆਂ ਨੂੰ ਸੰਕਟ ਵਿਚਲੀਆਂ ਜਾਤੀਆਂ ਕਿਹਾ ਜਾਂਦਾ ਹੈ।

**ਪ੍ਰਸ਼ਨ 13. ਪੌਦਿਆਂ ਦੀ ਆਰਥਿਕ ਮਹੱਤਤਾ ਦੇ ਕੋਈ ਤਿੰਨ ਪਹਿਲੂ ਲਿਖੋ।**

ਉੱਤਰ:
1. ਪੌਦਿਆਂ ਤੋਂ ਖਾਧ ਪਦਾਰਥ ਮਿਲਦੇ ਹਨ।
2. ਪੌਦਿਆਂ ਤੋਂ ਇਮਾਰਤੀ ਲੱਕੜੀ ਮਿਲਦੀ ਹੈ।
3. ਪੌਦਿਆਂ ਤੋਂ ਕਈ ਪ੍ਰਕਾਰ ਦੀਆਂ ਔਸਧੀਆਂ ਪ੍ਰਾਪਤ ਹੁੰਦੀਆਂ ਹਨ।

**ਪ੍ਰਸ਼ਨ 14. ਦੋ ਅੰਦਰੂਨੀ ਤੇ ਬਾਹਰੀ ਪਰਜੀਵੀਆਂ ਦੇ ਨਾਂ ਦੱਸੋ।**

ਉੱਤਰ: **ਅੰਦਰੂਨੀ ਪਰਜੀਵੀ :** ਫੀਤਾਕਿਰਮ, ਜ਼ਿਆਰਡੀਆਂ, ਐਸਕੈਰਿਸ। **ਬਾਹਰੀ ਪਰਜੀਵੀ :** ਖਟਮਲ, ਕੁਤਕੀ, ਜੂੰਆਂ।

**ਪ੍ਰਸ਼ਨ 15. ਮਨੁੱਖ ਦੁਆਰਾ ਲੁਪਤ ਹੋਣ ਤੋਂ ਕੀ ਭਾਵ ਹੈ ?**

ਉੱਤਰ: ਜੈਵਿਕ ਅਨੇਕਰੂਪਤਾ ਦੀ ਜਿਹੜੀ ਹਾਨੀ ਮਨੁੱਖੀ ਗਤੀਵਿਧੀਆਂ ਕਾਰਨ ਹੁੰਦੀ ਹੋਵੇ, ਉਸ ਹਾਨੀ ਨੂੰ ਮਨੁੱਖ ਦੁਆਰਾ ਰਚਿਤ ਹਾਨੀ ਕਹਿੰਦੇ ਹਨ।

## Unit-II (Environmental Management)

**ਪ੍ਰਸ਼ਨ 1. ਵਾਤਾਵਰਣੀ ਪ੍ਰਬੰਧਣ ਤੋਂ ਤੁਸੀਂ ਕੀ ਸਮਝਦੇ ਹੋ ?**

ਉੱਤਰ: ਮਨੁੱਖ ਜਾਤੀ ਅਤੇ ਵਾਤਾਵਰਨ ਵਿਚਾਲੇ ਦੀਆਂ ਆਪਸੀ ਅੰਤਰ-ਕਿਰਿਆਵਾਂ ਅਤੇ ਇਨ੍ਹਾਂ ਅੰਤਰ-ਕਿਰਿਆਵਾਂ ਦੁਆਰਾ ਵਾਤਾਵਰਨ ਉੱਪਰ ਪੈਣ ਵਾਲੇ ਪ੍ਰਭਾਵ ਨੂੰ ਵਾਤਾਵਰਣੀ ਪ੍ਰਬੰਧਨ ਆਖਦੇ ਹਨ। ਇਸ ਪ੍ਰਬੰਧਣ ਵਿਚ ਵਾਤਾਵਰਨ ਦੇ ਜੀਵਿਤ ਅਤੇ ਨਿਰਜੀਵ ਦੋਵੇਂ ਹੀ ਸ਼ਾਮਿਲ ਹਨ।

**ਪ੍ਰਸ਼ਨ 2. ਸੰਵਿਧਾਨ ਦੀ ਧਾਰਾ 51-A ਕੀ ਹੈ।**

ਉੱਤਰ: **ਧਾਰਾਂ 51-A ਅਨੁਸਾਰ :-** "ਕੁਦਰਤੀ ਵਾਤਾਵਰਣ ਜਿਸ ਵਿੱਚ ਵਣ, ਝੀਲਾਂ, ਦਰਿਆ ਅਤੇ ਜੰਗਲੀ ਜੀਵਨ ਸ਼ਾਮਿਲ ਹਨ, ਦੀ ਸੁਰੱਖਿਆ ਅਤੇ ਸੁਧਾਰ ਅਤੇ ਜੀਵਿਤ ਰੁਚੀ ਵਸਤੂ ਵੱਲ ਹਮਦਰਦੀ ਵਾਲਾ ਰਵੱਈਆ ਅਪਨਾਉਣਾ ਹਰੇਕ ਭਾਰਤ ਵਾਸੀ ਦੀ ਜ਼ਿੰਮੇਵਾਰੀ ਹੋਵੇਗੀ।"

**ਪ੍ਰਸ਼ਨ 3. ਈਕੋ ਮਾਰਕ (Eco-Mark) ਤੋਂ ਕੀ ਭਾਵ ਹੈ ?**

ਉੱਤਰ: ਈਕੋ-ਮਾਰਕ ਨੂੰ 1991 ਈ. ਵਿੱਚ ਲਾਗੂ ਕੀਤਾ ਗਿਆ। ਇਹ ਮਾਰਕ ਭਾਰਤ ਸਰਕਾਰ ਨੇ ਲੋਕਾਂ ਅੰਦਰ ਵਾਤਾਵਰਣ ਸਨੇਹੀ ਉਤਪਾਦਾਂ ਸਬੰਧੀ ਜਾਗਰੂਕਤਾ ਪੈਦਾ ਕਰਨ ਦੇ ਮੰਤਵ ਨਾਲ ਲਾਗੂ ਕੀਤਾ। ਅੰਕਣ ਕਰਨ ਵਾਲੇ ਚਿੰਨ੍ਹ ਨੂੰ ਈਕੋ-ਮਾਰਕ ਕਹਿੰਦੇ ਹਨ।

**ਪ੍ਰਸ਼ਨ 4. ਵਿਕਾਸ ਵਾਤਾਵਰਨ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ?**

ਉੱਤਰ: ਕਿਉਂਕਿ ਵਿਕਾਸ ਦੇ ਲਈ ਅਸੀਂ ਕੁਦਰਤੀ ਸਾਧਨਾਂ ਦੀ ਵਰਤੋਂ ਕਰਦੇ ਹਾਂ। ਅਸੀਂ ਕੁਦਰਤੀ ਸਾਧਨਾਂ ਦਾ ਸ਼ੋਸ਼ਣ ਕਰਦੇ ਹਾਂ ਤੇ ਪ੍ਰਦੂਸ਼ਣ ਫੈਲਾਉਂਦੇ ਹਾਂ। ਜਿਸ ਕਾਰਨ ਕੁਦਰਤੀ ਸਾਧਨਾਂ ਦਾ ਪਤਨ ਹੁੰਦਾ ਹੈ। ਵਿਕਾਸ ਕਾਰਨ ਪੈਦਾ ਹੋਏ ਫੋਕਟ ਪਦਾਰਥ ਮੁੜ ਕੁਦਰਤ ਵਿੱਚ ਵਾਪਸ ਹੋ ਜਾਂਦੇ ਹਨ। ਭਾਵ ਵਾਤਾਵਰਨ ਸਾਰੀਆਂ ਵਿਕਾਸ ਪ੍ਰਕਿਰਿਆਵਾਂ ਲਈ ਸ੍ਰੋਤ ਅਤੇ ਕੂੜੇਦਾਨ ਦੋਵੇਂ ਹਨ।

**ਪ੍ਰਸ਼ਨ 5. Environment Act ਦਾ ਕੀ ਮੰਤਵ ਹੈ ?**

ਉੱਤਰ: ਇਸ ਐਕਟ ਦਾ ਮੁੱਖ ਉਦੇਸ਼ ਵਾਤਾਵਰਨ ਦੀ ਸਾਂਭ-ਸੰਭਾਲ, ਸੁਰੱਖਿਆ ਅਤੇ ਸੁਧਾਰ ਸੰਬੰਧੀ ਮਾਮਲਿਆਂ ਨਾਲ

ਸੰਬੰਧਿਤ ਹੈ। ਵਾਤਾਵਰਨ ਦੀ ਸਾਂਭ-ਸੰਭਾਲ ਕੇਵਲ ਸਰਕਾਰਾਂ ਦੀ ਹੀ ਨਹੀਂ, ਸਗੋਂ ਇਸ ਸੰਬੰਧ ਵਿੱਚ ਮਨੁੱਖਾਂ ਦੀ ਭਾਗੀਦਾਰੀ ਵੀ ਸ਼ਾਮਿਲ ਕੀਤੀ ਗਈ ਹੈ।

**ਪ੍ਰਸ਼ਨ 6. ਵਾਤਾਵਰਨ ਦੀ ਹਾਲਤ ਦਾ ਪਤਾ ਲਗਾਉਣ ਲਈ ਸੂਚਕ ਕਿਵੇਂ ਮੱਦਦ ਕਰਦੇ ਹਨ?**

ਉੱਤਰ: ਸੂਚਕਾਂ ਤੋਂ ਸਾਨੂੰ ਵਾਤਾਵਰਨ ਬਾਰੇ ਜਾਣਕਾਰੀ ਮਿਲਦੀ ਹੈ ਤੇ ਵਾਤਾਵਰਣ ਦੇ ਵਿਸ਼ੇਸ਼ ਪੱਖ ਬਾਰੇ ਵਿਸ਼ਾਲ ਪੱਧਰ 'ਤੇ ਪਤਾ ਚੱਲਦਾ ਹੈ। ਸੂਚਕ ਦੱਸਦੇ ਹਨ ਕਿ ਵਾਤਾਵਰਨ ਵਿੱਚ ਕੀ ਵਾਪਰ ਰਿਹਾ ਹੈ।

**ਪ੍ਰਸ਼ਨ 7. ਵਾਤਾਵਰਨ ਦਾ ਪ੍ਰਬੰਧਣ ਕਿਉਂ ਜ਼ਰੂਰੀ ਹੈ ?**

ਉੱਤਰ: ਵਾਤਾਵਰਨ ਪ੍ਰਬੰਧਣ ਇੱਕ ਜ਼ਰੂਰੀ ਲੋੜ ਬਣ ਗਿਆ ਹੈ ਕਿਉਂਕਿ ਵਿਕਾਸ ਕਾਰਨ ਵਾਤਾਵਰਣ ਬਦਲ ਰਿਹਾ ਹੈ। ਵਿਗਿਆਨ ਅਤੇ ਤਕਨਾਲੋਜੀ ਰਾਹੀਂ ਵਾਧੇ ਵਿੱਚ ਵਾਤਾਵਰਨੀ ਸ੍ਰੋਤ ਸ਼ਾਮਿਲ ਹੁੰਦੇ ਹਨ। ਇਨ੍ਹਾਂ ਸਾਧਨਾਂ ਦੇ ਅਸੀਮਿਤ ਇਸਤੇਮਾਲ ਨਾਲ ਵਾਤਾਵਰਨ ਵਿੱਚ ਗਿਰਾਵਟ ਪੈਦਾ ਹੋ ਜਾਂਦੀ ਹੈ। ਇਸ ਲਈ ਵਾਤਾਵਰਣ ਦਾ ਪ੍ਰਬੰਧਣ ਬਹੁਤ ਜ਼ਰੂਰੀ ਹੈ।

**ਪ੍ਰਸ਼ਨ 8. MOEF ਅਤੇ CPCB ਦਾ ਵਿਸਥਾਰ ਦੱਸੋ।**

ਉੱਤਰ: MOEF -ਵਾਤਾਵਰਣ ਅਤੇ ਵਣ ਮੰਤਰਾਲਾ (Ministry of Environment and Forestry)

CPCB - ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (Central Pollution Control Board)

**ਪ੍ਰਸ਼ਨ 9. ਈਕੋ-ਮਾਰਕ ਸਕੀਮ ਸਭ ਤੋਂ ਪਹਿਲਾਂ ਕਿਹੜੇ ਦੇਸ਼ ਵਿੱਚ ਅਤੇ ਕਦੋਂ ਸ਼ੁਰੂ ਹੋਈ?**

ਉੱਤਰ: ਇਹ ਸਕੀਮ ਸਭ ਤੋਂ ਪਹਿਲਾਂ ਜਰਮਨੀ ਵਿੱਚ ਸ਼ੁਰੂ ਕੀਤੀ ਗਈ ਅਤੇ ਇਸ ਸਕੀਮ ਦੀ ਸ਼ੁਰੂਆਤ ਸੰਨ 1978 ਨੂੰ ਕੀਤੀ ਗਈ।

**ਪ੍ਰਸ਼ਨ 10. ਸਾਫ਼-ਸੁਥਰੇ ਵਾਤਾਵਰਨ ਤੋਂ ਤੁਹਾਡਾ ਕੀ ਭਾਵ ਹੈ ?**

ਉੱਤਰ: ਜਿਸ ਵਾਤਾਵਰਨ ਵਿੱਚ ਜੀਵਨ ਦੀ ਉੱਤਮਤਾ ਸਭ ਤੋਂ ਚੰਗੀ ਅਤੇ ਉੱਚੀ ਹੋਵੇ ਅਤੇ ਵਾਤਾਵਰਨ ਦਾ ਵਿਘਟਨ ਘੱਟ ਹੋਵੇ ਅਜਿਹੇ ਵਾਤਾਵਰਨ ਨੂੰ ਸਾਫ਼-ਸੁਥਰਾ ਵਾਤਾਵਰਨ ਆਖਦੇ ਹਨ।

**ਪ੍ਰਸ਼ਨ 11. ਐੱਨ.ਈ.ਪੀ. (NEP) ਦਾ ਵਿਸਥਾਰ ਦੱਸੋ।**

ਉੱਤਰ: ਐੱਨ.ਈ.ਪੀ. - ਕੌਮੀ ਵਾਤਾਵਰਨ ਨੀਤੀ (NEP -National Environment Policy)

**ਪ੍ਰਸ਼ਨ 12. ਵਾਤਾਵਰਣੀ ਨੈਤਿਕਤਾ ਕਿਵੇਂ ਹੋ ਸਕਦੀ ਹੈ ?**

ਉੱਤਰ:
1. ਧਰਤੀ ਮਾਂ ਦੀ ਇੱਜਤ ਕਰਨੀ ਚਾਹੀਦੀ ਹੈ।
2. ਕੁਦਰਤੀ ਸਾਧਨਾਂ ਨੂੰ ਬਚਾਉਣਾ ਚਾਹੀਦਾ ਹੈ।

## Unit-III (Sustainable Development)

**ਪ੍ਰਸ਼ਨ 1. ਮੱਧ-ਪ੍ਰਦੇਸ਼ ਵਿੱਚ ਨਰਮਦਾ ਪ੍ਰਾਜੈਕਟ ਦੇ ਨਿਰਮਾਣ ਦਾ ਵਿਰੋਧ ਕਿਸ-ਕਿਸ ਨੇ ਕੀਤਾ?**

ਉੱਤਰ: ਇਹ ਪਣ-ਬਿਜਲੀ ਪ੍ਰਾਜੈਕਟ ਹੈ। ਮੱਧ ਪ੍ਰਦੇਸ਼ ਵਿੱਚ ਸਥਿਤ ਇਸ ਪ੍ਰਾਜੈਕਟ ਦਾ ਕਰੜਾ ਵਿਰੋਧ ਮੇਧਾ ਪਾਟੇਕਰ, ਬਾਬਾ ਆਮਟੇ ਅਤੇ ਸੁੰਦਰ ਲਾਲ ਬਹੁਗੁਣਾ ਨੇ ਜੂਨ, 1993 ਈ. ਵਿੱਚ ਕੀਤਾ, ਕਿਉਂਕਿ ਇਸਦੇ ਮੁਕੰਮਲ ਹੋਣ ਨਾਲ ਆਦਿ-ਵਾਸੀਆਂ ਨੂੰ ਆਪਣਾ ਘਰ-ਬਾਰ ਛੱਡਣਾ ਪੈਣਾ ਸੀ।

**ਪ੍ਰਸ਼ਨ 2. ਟਿਕਾਊ-ਵਿਕਾਸ ਕਮਿਸ਼ਨ ਦੇ ਦੋ ਟੀਚੇ ਲਿਖੋ।**

ਉੱਤਰ:
1. ਮਨੁੱਖੀ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ।
2. ਆਮ ਲੋਕਾਂ ਨੂੰ ਆਰਥਿਕ ਬਰਾਬਰੀ ਦਾ ਮੌਕਾ ਦੇਣਾ।
3. ਮਨੁੱਖ ਨੂੰ ਕੁਦਰਤ ਦਾ ਹਿੱਸਾ ਬਣਾਉਣ ਤੇ ਮਨੁੱਖ ਦੁਆਰਾ ਹੀ ਕੁਦਰਤ ਦਾ ਸੁਰੱਖਿਅਣ ਰੱਖਣ ਤੇ ਜ਼ੋਰ ਦੇਣਾ।

**ਪ੍ਰਸ਼ਨ 3. ਕਾਇਮ ਰਹਿਣਯੋਗ ਵਿਕਾਸ ਕੀ ਹੈ ?**

ਉੱਤਰ: ਕਾਇਮ ਰਹਿਣਯੋਗ ਵਿਕਾਸ ਉਹ ਪ੍ਰਕਿਰਿਆ ਹੈ ਜਿਹੜੀ ਕਿ ਮੌਜੂਦਾ ਪੀੜ੍ਹੀ ਦੀਆਂ ਜ਼ਰੂਰਤਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਜ਼ਰੂਰਤਾਂ ਦੀ ਪੂਰਤੀ ਨੂੰ ਬਗੈਰ ਕਿਸੇ ਹਾਨੀ ਦੇ ਪੂਰਾ ਕਰਦੀ ਹੈ।

**ਪ੍ਰਸ਼ਨ 4. ਭਾਰਤ ਵਿੱਚ ਕਾਇਮ ਰਹਿਣਯੋਗ ਵਿਕਾਸ ਲਈ ਵੰਗਾਰਾਂ ਦੀ ਸੂਚੀ ਬਣਾਉ।**

ਉੱਤਰ: ਵੱਧਦੀ ਹੋਈ ਆਬਾਦੀ, ਸਾਖ਼ਰਤਾ, ਗ਼ਰੀਬੀ ਅਤੇ ਬੇਰੁਜ਼ਗਾਰੀ।

**ਪ੍ਰਸ਼ਨ 5. UNEP ਦਾ ਵਿਸਥਾਰ ਦੱਸੋ।**

ਉੱਤਰ: UNEP - United Nations Environment Programme (ਸੰਯੁਕਤ ਰਾਸ਼ਟਰੀ ਵਾਤਾਵਰਣ ਪ੍ਰੋਗਰਾਮ)।

**ਪ੍ਰਸ਼ਨ 6. ਟਿਕਾਊ/ਕਾਇਮ ਰਹਿਣਯੋਗ ਵਿਕਾਸ ਕਮਿਸ਼ਨ ਕਦੋਂ ਸਥਾਪਤ ਕੀਤਾ ਗਿਆ?**

ਉੱਤਰ: ਟਿਕਾਊ/ਕਾਇਮ ਰਹਿਣਯੋਗ ਵਿਕਾਸ ਕਮਿਸ਼ਨ ਦੀ ਸਥਾਪਨਾ ਜਨਵਰੀ, 1994 ਨੂੰ ਓਸਲੋ (Oslo) ਵਿਖੇ ਕੀਤੀ ਗਈ।

**ਪ੍ਰਸ਼ਨ 7. ਖਪਤ ਨਾਲ ਸੰਬੰਧਿਤ ਦੋ ਸਮੱਸਿਆਵਾਂ ਦੱਸੋ।**

ਉੱਤਰ:
1. ਸੋਸਾਇਟੀ ਵੱਲੋਂ ਸਹਿਯੋਗ ਦੀ ਕਮੀ
2. ਅਧਿਕ ਵਰਤੋਂ ਨਾਲ ਕੁਦਰਤੀ ਸਾਧਨ ਘੱਟ ਹੋ ਰਹੇ ਹਨ।
3. ਵਾਤਾਵਰਣ ਪ੍ਰਦੂਸ਼ਿਤ ਕਰਨ ਵਾਲੀਆਂ ਵਸਤਾਂ ਵਿੱਚ ਕਮੀ ਨਹੀਂ ਕੀਤੀ ਜਾ ਰਹੀ।

**ਪ੍ਰਸ਼ਨ 8. CPCB ਦੇ ਤਿੰਨ ਕੰਮ ਲਿਖੋ।**

ਉੱਤਰ:
1. ਪ੍ਰਦੂਸ਼ਣ ਨੂੰ ਰੋਕਣਾ
2. ਹਵਾ ਪ੍ਰਦੂਸ਼ਣ ਦੀ ਰੋਕਥਾਮ ਘਟਾ ਕੇ ਹਵਾ ਦੀ ਗੁਣਵੱਤਾ ਵਿੱਚ ਵਾਧਾ ਕਰਨਾ
3. ਪਾਣੀ ਦੇ ਪ੍ਰਦੂਸ਼ਣ 'ਤੇ ਕੰਟਰੋਲ ਕਰਨਾ।

**ਪ੍ਰਸ਼ਨ 9. ਕਾਇਮ ਰਹਿਣਯੋਗ ਵਿਕਾਸ ਦੇ ਤਿੰਨ ਮੁੱਖ ਖੇਤਰ ਕਿਹੜੇ ਹਨ?**

ਉੱਤਰ:
1. ਆਰਥਿਕ ਵਾਧਾ ਤੇ ਨਿਆਂ ਸੰਗਤੀ
2. ਕੁਦਰਤੀ ਸਾਧਨਾਂ ਅਤੇ ਵਾਤਾਵਰਣ ਦੀ ਸੁਰੱਖਿਆ
3. ਸਮਾਜਿਕ ਵਿਕਾਸ।

**ਪ੍ਰਸ਼ਨ 10. ਅਸੀਂ ਸ੍ਰੋਤਾਂ ਦੀ ਸੰਭਾਲ ਕਿਵੇਂ ਕਰ ਸਕਦੇ ਹਾਂ ?**

ਉੱਤਰ:
1. ਨਵਿਆਉਣਯੋਗ ਊਰਜਾ ਦੀ ਵਰਤੋਂ ਕਰਕੇ
2. 3R ਨੂੰ ਅਪਣਾਕੇ (Reduce, Reuse, Recycling)
3. ਆਵਾਜਾਈ ਵਿੱਚ ਕਮੀ ਕਰਕੇ।

**ਪ੍ਰਸ਼ਨ 11. ਚਿਪਕੋ ਅੰਦੋਲਨ ਕਦੋਂ ਤੇ ਕਿੱਥੇ ਸ਼ੁਰੂ ਹੋਇਆ?**

ਉੱਤਰ: ਚਿਪਕੋ ਅੰਦੋਲਨ 1973 ਵਿੱਚ ਗੜ੍ਹਵਾਲ, ਉੱਤਰਾਖੰਡ ਦੇ ਪਹਾੜੀ ਇਲਾਕਿਆਂ ਵਿੱਚ ਸ਼ੁਰੂ ਹੋਇਆ। ਚੰਡੀ ਪ੍ਰਸਾਦ ਭੱਟ ਤੇ ਸੁੰਦਰ ਲਾਲ ਬਹੁਗੁਣਾ ਇਸਦੇ ਮੁੱਖ ਨੇਤਾ ਸਨ।

**ਪ੍ਰਸ਼ਨ 12. ਤਿੰਨ ਪ੍ਰਕਾਰ ਦੀ ਪੂੰਜੀ ਕਿਹੜੀ ਹੈ, ਜਿਹੜੀ ਕਾਇਮ ਰਹਿਣਯੋਗ ਵਿਕਾਸ ਹੇਠ ਸੁਰੱਖਿਅਤ ਹੈ ?**

ਉੱਤਰ: ਕੁਦਰਤੀ ਪੂੰਜੀ, ਭੌਤਿਕ ਪੂੰਜੀ ਤੇ ਮਾਨਵ/ਮਨੁੱਖੀ ਪੂੰਜੀ।

**ਪ੍ਰਸ਼ਨ 13. ਸੰਸਾਰ ਅੱਜ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ?**

ਉੱਤਰ: ਵੱਧ ਰਹੀ ਆਬਾਦੀ, ਗ਼ਰੀਬੀ, ਕੁਦਰਤੀ ਸਾਧਨਾਂ ਦੀ ਦੁਰਵਰਤੋਂ, ਜੀਵ ਅਨੇਕਰੂਪਤਾ ਵਿੱਚ ਕਮੀ, ਤਾਜੇ ਪਾਣੀਆਂ ਦਾ ਪ੍ਰਦੂਸ਼ਣ ਅਤੇ ਵਾਤਾਵਰਣ ਵਿੱਚ ਆ ਰਹੀਆਂ ਤਬਦੀਲੀਆਂ ਆਦਿ।

**ਪ੍ਰਸ਼ਨ 14. CFL ਦਾ ਵਿਸਥਾਰ ਦੱਸੋ।**

ਉੱਤਰ: CFL - Compressed Fluorescent Lamp (ਨਿਪੀੜਤ ਪ੍ਰਤਿਦੀਪਤ ਲੈਂਪ)।

# DAY-SIX

## Unit-IV (Sustainable Agriculture)

**ਪ੍ਰਸ਼ਨ 1. ਚੰਗੀ ਮਿੱਟੀ ਦੇ ਲੱਛਣ ਦੱਸੋ।**

ਉੱਤਰ:
1. ਪਾਣੀ ਦੇਣ ਮਗਰੋਂ ਮਿੱਟੀ ਤੋਂ ਸੁਗੰਧ ਦਾ ਨਿਕਲਣਾ।
2. ਪਾਣੀ ਨੂੰ ਵਧੀਆ ਤਰੀਕੇ ਨਾਲ ਸੋਖਣਾ।
3. ਵਧੀਆ ਤਰੀਕੇ ਨਾਲ ਪੌਦਿਆਂ ਦਾ ਹੋਣਾ।

4. ਸੂਖਮ ਜੀਵਾਂ ਨੂੰ ਸੰਭਾਲ ਦੇ ਰੱਖਣਾ।

5. ਬਸੰਤ ਦੇ ਮੌਸਮ ਵਿੱਚ ਮਿੱਟੀ ਦਾ ਛੇਤੀ ਗਰਮ ਹੋਣਾ।

**ਪ੍ਰਸ਼ਨ 2. ਮਿਸ਼ਰਿਤ ਕਿਰਸਾਨੀ ਦੀ ਪਰਿਭਾਸ਼ਾ ਦਿਉ।**

ਉੱਤਰ: ਖੇਤਾਂ ਵਿੱਚ ਖੇਤੀ ਕਰਨ ਦੇ ਨਾਲ-ਨਾਲ ਦੁੱਧ ਦੇਣ ਵਾਲੇ ਤੇ ਦੂਜੇ ਪਸ਼ੂਆਂ ਨੂੰ ਪਾਲਣਾ ਮਿਸ਼ਰਿਤ ਕਿਰਸਾਨੀ ਅਖਵਾਉਂਦਾ ਹੈ। ਪਸ਼ੂਆਂ ਵਿੱਚ ਉਹ ਗਾਵਾਂ, ਬੱਕਰੀਆਂ, ਭੇਡਾਂ, ਮੁਰਗੀਆਂ, ਮੱਝਾਂ ਅਤੇ ਸੂਰ ਆਦਿ ਪਾਲਦੇ ਹਨ।

**ਪ੍ਰਸ਼ਨ 3. ਭੂਮੀ ਵਿਚਲੇ ਸੂਖਮ ਜੀਵਾਂ ਦੀ ਕੀ ਮਹੱਤਤਾ ਹੈ?**

ਉੱਤਰ: ਭੂਮੀ ਵਿਚਲੇ ਜੰਤੂ ਬਿਨਾਂ ਸ਼ੱਕ ਭੂਮੀ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ ਜੋ ਭੂਮੀ ਦੀ ਕੁਦਰਤੀ ਅਤੇ ਅਰਧ ਕੁਦਰਤੀ ਬਨਸਪਤੀ ਨੂੰ ਬਿਨਾਂ ਬਨਾਉਟੀ ਖਾਦਾਂ ਤੋਂ ਸਹਾਰਾ ਪ੍ਰਦਾਨ ਕਰਦੇ ਹਨ। ਉਹ ਪੌਦੇ ਦੇ ਬਚੇ-ਖੁਚੇ ਭਾਗਾਂ ਨੂੰ ਤੋੜ-ਮਰੋੜ ਕਰਕੇ, ਵਾਯੂਮੰਡਲ ਵਿਚੋਂ ਅੰਸ਼ ਲੈਂਦੇ ਹਨ ਤੇ ਭੂਮੀ ਨੂੰ ਹਵਾ ਵੀ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਭੂਮੀ ਦੀ ਉਪਜਾਊ ਸ਼ਕਤੀ ਵਧਦੀ ਹੈ।

**ਪ੍ਰਸ਼ਨ 4. ਫਸਲਾਂ ਦਾ ਹੇਰ-ਫੇਰ ਜਾਂ ਫਸਲ ਚੱਕਰ ਕੀ ਹੈ?**

ਉੱਤਰ: ਇਕ ਹੀ ਖੇਤ ਵਿੱਚ ਫ਼ਸਲਾਂ ਨੂੰ ਬਦਲ-ਬਦਲ ਕੇ ਬੀਜਣਾ ਫਸਲਾਂ ਦਾ ਹੇਰ-ਫੇਰ ਜਾਂ ਫ਼ਸਲ ਚੱਕਰ ਅਖਵਾਉਂਦਾ ਹੈ। ਜਿਵੇਂ ਕਿ - ਕਣਕ ਤੋਂ ਬਾਅਦ ਝੋਨਾ। ਇਸਤੋਂ ਇਲਾਵਾ ਆਲੂ ਤੇ ਹੋਰ ਸਬਜ਼ੀਆਂ ਵਿੱਚ ਮੌਸਮ ਮੁਤਾਬਿਕ ਖੇਤ ਵਿੱਚ ਬੀਜੀਆਂ ਜਾਂਦੀਆਂ ਹਨ। ਫਸਲਾਂ ਨੂੰ ਬਦਲ-ਬਦਲ ਕੇ ਬੀਜਣ ਨਾਲ ਭੂਮੀ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਹੁੰਦਾ ਹੈ ਤੇ ਫਸਲ ਵੀ ਚੰਗੀ ਹੁੰਦੀ ਹੈ।

**ਪ੍ਰਸ਼ਨ 5. ਦੋ ਪੋਟਾਸ਼ੀਅਮ ਖਾਦਾਂ ਦੇ ਨਾਮ ਦੱਸੋ।**

ਉੱਤਰ: 1. ਪੋਟਾਸ਼ੀਅਮ ਸਲਫੇਟ

2. ਪੋਟਾਸ਼ੀਅਮ ਨਾਈਟ੍ਰੇਟ।

**ਪ੍ਰਸ਼ਨ 6. ਤੁਪਕਾ ਸਿੰਚਾਈ ਕੀ ਹੈ ?**

ਉੱਤਰ: ਸਿੰਚਾਈ ਕਰਨ ਦੀ ਉਹ ਪ੍ਰਣਾਲੀ, ਜਿਸ ਵਿੱਚ ਪੌਦਿਆਂ ਨੂੰ ਸਿੰਜਣ ਦੇ ਲਈ ਪਾਣੀ ਤੁਪਕਿਆਂ ਦੀ ਸ਼ਕਲ ਵਿੱਚ ਜੜ੍ਹਾਂ ਦੇ ਨਜ਼ਦੀਕ ਮੁਹੱਈਆ ਕੀਤਾ ਜਾਂਦਾ ਹੈ।

**ਪ੍ਰਸ਼ਨ 7. ਜੈਵ ਖਾਦਾਂ ਦੀ ਪਰਿਭਾਸ਼ਾ ਦਿਉ।**

ਉੱਤਰ: ਜੈਵ ਖਾਦਾਂ ਉਹ ਸਜੀਵ ਹਨ ਜਿਹੜੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਪੌਸ਼ਟਿਕ ਤੱਤਾਂ ਦੁਆਰਾ ਵਾਧਾ ਕਰਦੇ ਹਨ, ਵਾਤਾਵਰਣੀ ਸੰਕਟਾਂ ਅਤੇ ਪਰਿਸਥਿਤੀ ਨੂੰ ਪਹੁੰਚਣ ਵਾਲੀਆ ਹਾਨੀਆਂ ਨੂੰ ਨਿਊਨਤਮ ਪੱਧਰ 'ਤੇ ਰੱਖਦੇ ਹਨ।

**ਪ੍ਰਸ਼ਨ 8. ਹਰੇ ਇਨਕਲਾਬ ਦਾ ਮੁੱਖ ਮੰਤਵ ਕੀ ਸੀ?**

ਉੱਤਰ: ਇਸਦਾ ਮੁੱਖ ਮੰਤਵ ਅਨਾਜੀ -ਭੋਜਨ (Food Grains) ਦੇ ਉਤਪਾਦਨ ਵਿੱਚ ਵਾਧਾ ਕਰਨਾ ਸੀ। ਕਿਉਂਕਿ ਸਜੀਵਾਂ ਦੇ ਜਿਊਂਦੇ ਰਹਿਣ ਦੇ ਲਈ ਖੁਰਾਕ ਇੱਕ ਮੁੱਢਲੀ ਜ਼ਰੂਰਤ ਹੈ।

**ਪ੍ਰਸ਼ਨ 9. ਰਸਾਇਣਿਕ ਖਾਦਾਂ ਦੀ ਵਰਤੋਂ ਦੇ ਦੋ ਪ੍ਰਭਾਵ ਦੱਸੋ।**

ਉੱਤਰ:
1. ਧਰਤੀ ਹੇਠਲੇ ਪਾਣੀ ਦਾ ਪ੍ਰਦੂਸ਼ਣ
2. ਸੱਤਹੀ ਪਾਣੀ ਦਾ ਪ੍ਰਦੂਸ਼ਣ।

**ਪ੍ਰਸ਼ਨ 10. ਅੰਤਰ-ਖੇਤੀ ਨੂੰ ਪਰਿਭਾਸ਼ਿਤ ਕਰੋ।**

ਉੱਤਰ: ਕਿਸੇ ਵੀ ਖੇਤ ਵਿੱਚ ਦੋ ਜਾਂ ਦੋ ਤੋਂ ਜ਼ਿਆਦਾ ਫਸਲਾਂ ਨੂੰ ਖਾਸ ਲਾਈਨਾਂ ਵਿੱਚ ਬੀਜਣ ਨੂੰ ਅੰਤਰ ਖੇਤੀ ਆਖਦੇ ਹਨ।

**ਪ੍ਰਸ਼ਨ 11. ਫਸਲੀ ਪੌਦੇ ਕੀ ਹਨ?**

ਉੱਤਰ: ਜਿਨ੍ਹਾਂ ਪੌਦਿਆਂ ਦੀ ਖੇਤ ਵਿੱਚ ਕਾਸ਼ਤ ਕੀਤੀ ਜਾਂਦੀ ਹੋਵੇ ਅਤੇ ਖਿਆਲ ਰੱਖਿਆ ਜਾਵੇ, ਉਨ੍ਹਾਂ ਪੌਦਿਆਂ ਨੂੰ ਫਸਲੀ ਪੌਦੇ ਆਖਿਆ ਜਾਂਦਾ ਹੈ।

**ਪ੍ਰਸ਼ਨ 12. ਨੁਕਸਾਨ ਕਰਨ ਵਾਲੇ ਜੀਵ (Pests) ਕੀ ਹਨ?**

ਉੱਤਰ: ਜਿਹੜੇ ਜੀਵ ਜਿਵੇਂ ਬੈਕਟੀਰੀਆ, ਉੱਲੀਆਂ, ਕੀਟ, ਚੂਹੇ ਪੌਦਿਆਂ ਆਦਿ ਦਾ ਨੁਕਸਾਨ ਕਰਨ, ਉਨ੍ਹਾਂ ਜੀਵਾਂ ਨੂੰ ਹਾਨੀਕਾਰਕ ਜਾਂ ਨੁਕਸਾਨ ਕਰਨ ਵਾਲੇ ਜੀਵ (Pests) ਕਿਹਾ ਜਾਂਦਾ ਹੈ।

**ਪ੍ਰਸ਼ਨ 13. ਫਸਲੀ ਚੱਕਰ ਦੇ ਕੀ ਲਾਭ ਹਨ?**

ਉੱਤਰ:
1. ਵਧੇਰੇ ਝਾੜ ਪ੍ਰਾਪਤ ਹੁੰਦਾ ਹੈ।
2. ਭੂਮੀ ਦੀ ਉਪਜਾਊ ਸ਼ਕਤੀ ਵਧਦੀ ਹੈ।
3. ਹਾਨੀਕਾਰਕ ਕੀਟ ਘੱਟ ਜਾਂਦੇ ਹਨ।

**ਪ੍ਰਸ਼ਨ 14. ਕੋਈ ਤਿੰਨ ਨਾਈਟ੍ਰੋਜਨੀ ਖਾਦਾਂ ਦੇ ਨਾਂ ਦੱਸੋ।**

ਉੱਤਰ:
1. ਅਮੋਨੀਅਮ ਸਲਫੇਟ
2. ਅਮੋਨੀਅਮ ਨਾਈਟਰੇਟ
3. ਸੋਡੀਅਮ ਨਾਈਟਰੇਟ।

**ਪ੍ਰਸ਼ਨ 15. ਭੋਂ ਦੀ ਸੰਭਾਲ ਦੇ ਦੋ ਢੰਗ ਦੱਸੋ।**

ਉੱਤਰ:
1. ਭੋਂ-ਖੋਰਨ ਨੂੰ ਰੋਕਣ ਦੇ ਲਈ ਰੁੱਖ ਲਗਾਏ ਜਾਣ।
2. ਪਸ਼ੂਆਂ ਆਦਿ ’ਤੇ ਚਰਨ ਨੂੰ ਨਿਯੰਤਰਿਤ ਕੀਤਾ ਜਾਵੇ।

**ਪ੍ਰਸ਼ਨ 16. ਬਾਇਓ ਨਦੀਨ ਨਾਸ਼ਕ ਕੀ ਹਨ ?**

ਉੱਤਰ: ਜੈਵਿਕ ਸ੍ਰੋਤਾਂ ਤੋਂ ਪ੍ਰਾਪਤ ਹੋਣ ਵਾਲੇ ਪਦਾਰਥ, ਜਿਨ੍ਹਾਂ ਦੀ ਵਰਤੋਂ ਫਸਲਾਂ ਨਾਲ ਉੱਗੇ ਨਦੀਨਾਂ ਨੂੰ ਨਸ਼ਟ ਕਰਨ

ਲਈ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਬਾਇਓ ਨਦੀਨ ਨਾਸ਼ਕ (Bio-herbicide) ਕਹਿੰਦੇ ਹਨ।

## Unit-V (Environmental Actions)

**ਪ੍ਰਸ਼ਨ 1. ਵਧਦੀ ਹੋਈ ਆਬਾਦੀ ਨਾਲ ਹੋਣ ਵਾਲੀਆਂ ਹਾਨੀਆਂ ਦੱਸੋ।**

ਉੱਤਰ:
1. ਆਬਾਦੀ ਵਧਣ ਨਾਲ ਗਰੀਬੀ ਵਧਦੀ ਹੈ।
2. ਬੇਰੁਜ਼ਗਾਰੀ ਵਿੱਚ ਵਾਧਾ ਹੁੰਦਾ ਹੈ।
3. ਸ਼ਹਿਰਾਂ ਵਿੱਚ ਮਕਾਨਾਂ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ।
4. ਭੀੜ-ਭੜੱਕੇ ਵਿੱਚ ਵਾਧਾ ਹੁੰਦਾ ਹੈ।

**ਪ੍ਰਸ਼ਨ 2. ਜਲ-ਚੱਕਰ ਕੀ ਹੈ?**

ਉੱਤਰ: ਨਦੀਆਂ, ਝੀਲਾਂ ਆਦਿ ਤੋਂ ਸੂਰਜ ਦੀ ਰੌਸ਼ਨੀ ਦੀ ਗਰਮੀ ਕਾਰਨ ਪਾਣੀ ਵਾਸ਼ਪਾਂ ਦੇ ਰੂਪ ਵਿੱਚ ਉੱਡ ਕੇ ਬੱਦਲਾਂ ਦਾ ਰੂਪ ਧਾਰਨ ਕਰਕੇ ਮੀਂਹ ਦੀ ਸ਼ਕਲ ਵਿੱਚ ਧਰਤੀ ਤੇ ਡਿੱਗਦਾ ਹੈ। ਫਿਰ ਇਹ ਪਾਣੀ ਸਮੁੰਦਰਾਂ ਵਿੱਚ ਜਾਂਦਾ ਹੈ ਤੇ ਫਿਰ ਵਾਸ਼ਪਾਂ ਦੀ ਸ਼ਕਲ ਵਿੱਚ ਬੱਦਲ ਬਣ ਕੇ ਵਾਤਾਵਰਣ ਵਿੱਚ ਜਾ ਕੇ ਮੁੜ ਧਰਤੀ ਤੇ ਡਿੱਗਦਾ ਹੈ। ਇਸ ਪ੍ਰਕਿਰਿਆ ਨੂੰ ਹੀ ਜਲ-ਚੱਕਰ ਕਿਹਾ ਜਾਂਦਾ ਹੈ।

**ਪ੍ਰਸ਼ਨ 3. ਕੋਲੇ ਦੇ ਕੋਈ ਦੋ ਲਾਭ ਦੱਸੋ।**

ਉੱਤਰ:
1. ਇਸ ਤੋਂ ਕੋਲ ਗੈਸ ਤਿਆਰ ਕੀਤੀ ਜਾਂਦੀ ਹੈ।
2. ਕੋਲੇ ਦੀ ਵਰਤੋਂ ਉਦਯੋਗਾਂ ਵਿੱਚ ਕੀਤੀ ਜਾਂਦੀ ਹੈ।
3. ਘਰੇਲੂ ਕੰਮਾਂ ਲਈ ਕੋਲਾ ਵਰਤਦੇ ਹਨ।

**ਪ੍ਰਸ਼ਨ 4. ਸਿਫ਼ਰ/ਜ਼ੀਰੋ ਜਨਸੰਖਿਆ ਵਾਧਾ ਕੀ ਹੈ?**

ਉੱਤਰ: ਜਿਸ ਵੇਲੇ ਜਨਮ ਦਰ ਅਤੇ ਮੌਤ ਦਰ ਬਰਾਬਰ-ਬਰਾਬਰ ਹੋਣ ਤਾਂ ਅਜਿਹੇ ਹਾਲਤ ਨੂੰ ਸਿਫ਼ਰ ਜਨਸੰਖਿਆ ਵਾਧਾ ਆਖਦੇ ਹਨ।

**ਪ੍ਰਸ਼ਨ 5. CNG (ਨਿਪੀੜਤ ਕੁਦਰਤੀ ਗੈਸ) ਦੀ ਵਰਤੋਂ ਦਾ ਇੱਕ ਲਾਭ ਲਿਖੋ।**

ਉੱਤਰ: ਇਸ ਨਾਲ ਡੀਜ਼ਲ ਅਤੇ ਪੈਟਰੋਲ ਦੀ ਵਰਤੋਂ ਦੇ ਮੁਕਾਬਲੇ ਪ੍ਰਦੂਸ਼ਣ ਬਹੁਤ ਹੀ ਘੱਟ ਫੈਲਦਾ ਹੈ। ਇਸਨੂੰ ਕਾਰਾਂ, ਬੱਸਾਂ ਆਦਿ ਵਿੱਚ ਈਂਧਨ ਵਜੋਂ ਵਰਤਦੇ ਹਨ।

**ਪ੍ਰਸ਼ਨ 6. (1) ਕੁਦਰਤੀ ਪ੍ਰਦੂਸ਼ਣ ਅਤੇ (2) ਮਨੁੱਖ ਦੁਆਰਾ ਰਚਿਤ ਪ੍ਰਦੂਸ਼ਣ ਦੇ ਉਦਾਹਰਨ ਦਿਉ।**

ਉੱਤਰ:
1. **ਕੁਦਰਤੀ ਪ੍ਰਦੂਸ਼ਣ :** ਜਵਾਲਾ ਮੁਖੀਆਂ ਦਾ ਫਟਣਾ, ਹਨੇਰੀਆਂ ਆਦਿ।
2. **ਮਨੁੱਖ ਦੁਆਰਾ ਰਚਿਤ ਪ੍ਰਦੂਸ਼ਣ :** ਉਦਯੋਗ, ਸਵੈਚਲਿਤ ਵਾਹਨ, ਰਸਾਇਣਿਕ ਖਾਦਾਂ ਦੀ ਵਰਤੋਂ

ਆਦਿ।

**ਪ੍ਰਸ਼ਨ 7. ਠੋਸ ਵਿਅਰਥ ਤੋਂ ਕੀ ਭਾਵ ਹੈ?**

ਉੱਤਰ: ਜਿਹੜੇ ਵਿਅਰਥ ਪਦਾਰਥ ਨਾ ਤਾਂ ਗੈਸੀ ਹੋਣ ਅਤੇ ਨਾ ਹੀ ਤਰਲ ਹੋਣ, ਅਜਿਹੇ ਵਿਅਰਥ ਪਦਾਰਥਾਂ ਨੂੰ ਠੋਸ ਵਿਅਰਥ ਆਖਦੇ ਹਨ। ਜਿਵੇਂ ਕਿ - ਟੁੱਟੀਆਂ ਬੋਤਲਾਂ, ਪਲਾਸਟਿਕ ਦੀ ਟੁੱਟ-ਭੱਜ ਆਦਿ।

**ਪ੍ਰਸ਼ਨ 8. ਗੰਗਾ ਦਰਿਆ ਕਿੱਥੋਂ ਨਿੱਕਲਦਾ ਹੈ?**

ਉੱਤਰ: ਗੰਗਾ ਦਰਿਆ ਗੜ੍ਹਵਾਲ ਹਿਮਾਲਿਆ ਵਿਖੇ ਸਮੁੰਦਰੀ ਤਲ ਤੋਂ 4000 ਮੀਟਰ ਦੀ ਉੱਚਾਈ 'ਤੇ ਸਥਿਤ ਗੰਗੋਤਰੀ ਹਿਮ ਨਦੀ ਤੋਂ ਨਿਕਲਦਾ ਹੈ।

**ਪ੍ਰਸ਼ਨ 9. ਕੁਪੋਸ਼ਣ ਦੇ ਤਿੰਨ ਮਾੜੇ ਪ੍ਰਭਾਵ ਦੱਸੋ।**

ਉੱਤਰ:
1. ਛੋਟੇ ਬੱਚਿਆਂ ਦੀ ਮੌਤ ਦਰ ਵਿੱਚ ਵਾਧਾ
2. ਮਾਤਰੀ ਮੌਤ ਦਰ ਵਿੱਚ ਵਾਧਾ
3. ਸਕੂਲ ਸਮੇਂ ਮਾੜਾ ਪ੍ਰਦਰਸ਼ਨ
4. ਕਦਾਚਾਰੀ ਬੱਚੇ।

**ਪ੍ਰਸ਼ਨ 10. ਜਨਸੰਖਿਆ ਦੇ ਵਾਧੇ ਦੇ ਦੋ ਕਾਰਨ ਦੱਸੋ।**

ਉੱਤਰ:
1. ਮੌਤ ਦਰ ਵਿੱਚ ਤੇਜ਼ੀ ਨਾਲ਼ ਕਮੀ।
2. ਮਾਰੂ ਰੋਗਾਂ ਜਿਵੇਂ - ਹੈਜਾ, ਪਲੇਗ ਆਦਿ 'ਤੇ ਕੀਤਾ ਗਿਆ ਕੰਟਰੋਲ।

**ਪ੍ਰਸ਼ਨ 11. ਖਪਤਵਾਦ ਨਾਲ ਕਿਹੜੀਆਂ ਸਮੱਸਿਆਵਾਂ ਸੰਬੰਧਿਤ ਹਨ?**

ਉੱਤਰ:
1. ਊਰਜਾ ਸੰਕਟ
2. ਪਾਣੀ, ਹਵਾ ਅਤੇ ਭੂਮੀ ਦਾ ਪ੍ਰਦੂਸ਼ਣ
3. ਓਜ਼ੋਨ ਪੱਟੀ ਦਾ ਨਸ਼ਟ ਹੋਣਾ
4. ਵਿਸ਼ਵ ਤਾਪਮਾਨ ਦਾ ਵਧਣਾ।

**ਪ੍ਰਸ਼ਨ 12. ਈ-ਕਚਰਾ (E-Wastes) ਕੀ ਹੈ ?**

ਉੱਤਰ: ਮੁਰੰਮਤ ਨਾ ਹੋ ਸਕਣ ਵਾਲੇ ਕੰਪਿਊਟਰਾਂ ਅਤੇ ਹੋਰਨਾਂ ਇਲੈਕਟ੍ਰੋਨਿਕ ਫੋਕਟ ਪਦਾਰਥਾਂ ਤੋਂ ਪ੍ਰਾਪਤ ਹੋਣ ਵਾਲੇ ਨਾ-ਵਰਤਣਯੋਗ ਪਦਾਰਥਾਂ ਨੂੰ ਈ-ਕਚਰਾ ਆਖਦੇ ਹਨ।

**ਪ੍ਰਸ਼ਨ 13. ਚੰਡੀਗੜ੍ਹ ਵਿਖੇ ਚੱਟਾਨ ਬਾਗ (Rock Garden) ਕਿਸਨੇ ਤਿਆਰ ਕੀਤਾ ?**

ਉੱਤਰ: ਸ਼੍ਰੀ ਨੇਕ ਚੰਦ ਜੀ ਨੇ ਤਿਆਰ ਕੀਤਾ। ਇਸਨੇ Rock Gardern ਤਿਆਰ ਕਰਨ ਦੇ ਲਈ ਘਰੇਲੂ ਅਤੇ ਉਦਯੋਗਾਂ ਦੀ ਟੁੱਟ-ਭੱਜ ਦੀ ਵਰਤੋਂ ਕੀਤੀ।

**ਪ੍ਰਸ਼ਨ 14. ਕ੍ਰਿਸ਼ੀ/ਐਗਰੋ ਫਾਰੈਸਟਰੀ ਤੋਂ ਕੀ ਭਾਵ ਹੈ ?**

ਉੱਤਰ: ਖੇਤੀ ਫਸਲਾਂ ਉਗਾਉਣ ਦੇ ਨਾਲ-ਨਾਲ, ਖੇਤਾਂ ਦੀਆਂ ਸੀਮਾਵਾਂ/ਕਿਨਾਰਿਆਂ, ਰੇਲ-ਪਟੜੀਆਂ ਦੇ ਲਾਗੇ ਅਤੇ ਪਿੰਡਾਂ ਦੇ ਆਲੇ-ਦੁਆਲੇ ਰੁੱਖ ਲਗਾਉਣ ਨੂੰ ਐਗਰੋ-ਫਾਰੈਸਟਰੀ ਆਖਿਆ ਜਾਂਦਾ ਹੈ।

**ਪ੍ਰਸ਼ਨ 15. ਭੂਮੀਗਤ ਪਾਣੀ ਦੀ ਕੀ ਮਹੱਤਤਾ ਹੈ ?**

ਉੱਤਰ:
1. ਇਹ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ।
2. ਖਾਣਾ-ਪਕਾਉਣ, ਨਹਾਉਣ, ਕੱਪੜੇ ਧੋਣ ਵਿੱਚ ਵਰਤਿਆ ਜਾਂਦਾ ਹੈ।
3. ਇਹ ਮਿੱਟੀ ਸਿੱਲ੍ਹੀ ਰੱਖਕੇ ਪੌਦਿਆਂ ਦੇ ਵਧਣ ਫੁੱਲਣ ਵਿੱਚ ਸਹਾਇਤਾ ਕਰਦਾ ਹੈ।

**ਪ੍ਰਸ਼ਨ 16. ਜਨਸੰਖਿਆ ਵਿਸਫੋਟ ਕੀ ਹੈ ?**

ਉੱਤਰ: ਜਨਸੰਖਿਆ ਵਿੱਚ ਥੋੜ੍ਹੇ ਸਮੇਂ ਵਿੱਚ ਬਹੁਤ ਤੇਜ਼ੀ ਨਾਲ ਹੋ ਰਹੇ ਵਾਧੇ ਨੂੰ ਜਨਸੰਖਿਆ ਧਮਾਕਾ ਜਾਂ ਜਨਸੰਖਿਆ ਵਿਸਫੋਟ ਆਖਦੇ ਹਨ। ਜਨਸੰਖਿਆ ਵਧਣ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ।

**ਪ੍ਰਸ਼ਨ 17. ਖਪਤ ਦੇ ਢਾਂਚੇ ਵਿੱਚ ਆਈ ਤਬਦੀਲੀ ਦੇ ਦੋ ਕਾਰਨ ਦੱਸੋ।**

ਉੱਤਰ:
1. ਵਰਤੋਂ ਅਤੇ ਸੁੱਟੋ ਦੀ ਨੀਤੀ।
2. ਜੀਵਨ ਸ਼ੈਲੀ ਵਿੱਚ ਆਇਆ ਪਰਿਵਰਤਨ।
3. ਵਧਦੀਆਂ ਮੰਗਾਂ।

**ਪ੍ਰਸ਼ਨ 18. ਰੇਡੀਏਸ਼ਨ ਪ੍ਰਦੂਸ਼ਣ ਕੀ ਹੈ ?**

ਉੱਤਰ: ਪਰਾਵੈਂਗਣੀ ਵਿਕੀਰਣਾਂ ਜਾਂ ਰੇਡੀਏਸ਼ਨ ਦੁਆਰਾ ਪੈਦਾ ਕੀਤੇ ਜਾਂਦੇ ਪ੍ਰਦੂਸ਼ਣ ਨੂੰ ਰੇਡੀਏਸ਼ਨ ਪ੍ਰਦੂਸ਼ਣ ਕਹਿੰਦੇ ਹਨ।

**ਪ੍ਰਸ਼ਨ 19. ਅਸੀਂ ਵਿਅਰਥ ਪਦਾਰਥਾਂ ਨੂੰ ਕਿਵੇਂ ਘੱਟ ਕਰ ਸਕਦੇ ਹਾਂ ?**

ਉੱਤਰ:
1. ਟੁੱਟੀਆਂ ਚੀਜਾਂ ਦੀ ਮੁਰੰਮਤ ਕਰਕੇ।
2. ਕਾਗਜ਼ ਦੇ ਦੋਵਾਂ ਪਾਸਿਆਂ 'ਤੇ ਲਿਖ ਕੇ।
3. ਮੁਰਦਿਆਂ ਨੂੰ ਬਿਜਲੀ ਨਾਲ ਜਲਾ ਕੇ।
4. ਚੀਜਾਂ ਦਾ ਪੁਨਰ ਚੱਕਰਣ ਕਰਕੇ ਮੁੜ ਵਰਤੋਂ ਯੋਗ ਬਣਾਇਆ ਜਾ ਸਕਦਾ ਹੈ।

**ਪ੍ਰਸ਼ਨ 20. ਸ਼ੋਸ਼ਲ ਫਾਰੈਸਟਰੀ ਤੋਂ ਕੀ ਭਾਵ ਹੈ ?**

ਉੱਤਰ: ਸ਼ੋਸ਼ਲ ਫਾਰੈਸਟਰੀ ਅਜਿਹਾ ਪ੍ਰੋਗਰਾਮ ਹੈ ਜਿਸ ਅਧੀਨ ਉਸ ਸਥਾਨ ਤੇ ਪੌਦੇ ਲਗਾਏ ਜਾਂਦੇ ਹਨ, ਜਿੱਥੋਂ ਇਹ ਕੱਟੇ ਗਏ ਹੋਣ। ਇਸਦਾ ਉਦੇਸ਼ ਸਾਰੀ ਜ਼ਮੀਨ ਉੱਪਰ ਵੱਖੋ-ਵੱਖਰੇ ਕਿਸਮ ਦੇ ਪੌਦੇ ਲਗਾਉਣਾ ਹੈ ਤਾਂ ਜੋ ਸਮਾਜ ਲਈ ਇਹ ਲਾਭਦਾਇਕ ਹੋਣ ਜਿਵੇਂ ਛਾਂਦਾਰ ਰੁੱਖ, ਫਲਦਾਰ ਰੁੱਖ ਆਦਿ।

# DAY-SEVEN

***Question no 7 to 9 (Total 3 Question) long answer type question carrying 5 marks each. Answer to this question will be in 80-100 words. In question no 7 to 9, there will be 100% internal choice.*** ***(3 × 5=15)***

## Unit-I (Biodiversity) &
## Unit-II (Environmental Management)

**ਪ੍ਰਸ਼ਨ 1.** ਜੈਵਿਕ ਅਨੇਕਰੂਪਤਾ ਦੀਆਂ ਕਦਰਾਂ-ਕੀਮਤਾਂ ਕੀ ਹਨ? **ਜਾਂ**
ਵਿਕਾਸ ਦਾ ਅਜੋਕਾ ਢੰਗ ਵਾਤਾਵਰਨ ਨੂੰ ਤਬਾਹ ਕਰ ਦੇਵੇਗਾ। ਵਿਚਾਰ ਕਰੋ।

**ਪ੍ਰਸ਼ਨ 2.** ਜੰਤੂਆਂ ਦੀ ਆਰਥਿਕ ਸਮਰੱਥਾ ਦਾ ਵਿਸਥਾਰ ਪੂਰਵਕ ਵਰਣਨ ਕਰੋ। **ਜਾਂ**
'ਵਾਤਾਵਰਣੀ ਪ੍ਰਬੰਧਣ ਨਾਮੀ ਸ਼ਬਦ ਭਾਰਤ ਲਈ ਨਵਾਂ ਨਹੀਂ ਹੈ' - ਵਿਸਥਾਰ ਸਹਿਤ ਲਿਖੋ।

**ਪ੍ਰਸ਼ਨ 3.** ਜੈਵਿਕ ਵਿਭਿੰਨਤਾ ਦੇ ਵਿਨਾਸ਼ ਦੇ ਕੀ ਕਾਰਨ ਹਨ? **ਜਾਂ**
ਵਾਤਾਵਰਣ ਦੇ ਪ੍ਰਬੰਧਣ ਵਿੱਚ ਆਰਥਿਕ ਪਾਲਿਸੀਆਂ ਦੀ ਕੀ ਭੂਮਿਕਾ ਹੈ?

**ਪ੍ਰਸ਼ਨ 4.** ਸ੍ਰੋਤਾਂ ਦੀ ਸੀਮਾਬੱਧਤਾ ਤੋਂ ਕੀ ਭਾਵ ਹੈ? ਵਿਸਥਾਰ ਨਾਲ ਦੱਸੋ। **ਜਾਂ**
ਵਾਤਾਵਰਣ ਪ੍ਰਬੰਧਣ ਦੇ ਸਮਾਜਿਕ ਪਹਿਲੂ ਕੀ ਹਨ?

**ਪ੍ਰਸ਼ਨ 5.** ਆਪਣੇ ਇਲਾਕੇ ਦੀ ਜੈਵਿਕ ਵਿਭਿੰਨਤਾ ਦੇ ਫਾਇਦਿਆਂ ਦਾ ਵਰਣਨ ਕਰੋ। **ਜਾਂ**
The Environment Act (1986) 'ਤੇ ਨੋਟ ਲਿਖੋ।

**ਪ੍ਰਸ਼ਨ 6.** ਖਤਰੇ ਦੀ ਕਗਾਰ 'ਤੇ ਖੜ੍ਹੀਆਂ ਜਾਤੀਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਕਿਹੜੀਆਂ ਹਨ? **ਜਾਂ**
ਕੁੱਝ ਵਾਤਾਵਰਣੀ ਸੂਚਕਾਂ ਦੇ ਨਾਂ ਲਿਖੋ। ਜੀਵ ਸੂਚਕ ਕੀ ਹਨ? ਉਦਾਹਰਨ ਦਿਉ।

**ਪ੍ਰਸ਼ਨ 7.** ਧਰਤੀ ਹੇਠਲੇ ਪਾਣੀ ਦੀ ਕੀ ਮਹੱਤਤਾ ਹੈ? **ਜਾਂ**
ਆਪਣੇ ਆਲੇ-ਦੁਆਲੇ ਦੇ ਸੁਧਾਰ ਲਈ ਤੁਸੀਂ ਕੀ ਕਰ ਸਕਦੇ ਹੋ।

## Unit-III (Sustainable Development)

**ਪ੍ਰਸ਼ਨ 1.** 'ਸਾਖਰਤਾ' ਵਾਤਾਵਰਨ ਦੇ ਵਿਕਾਸ ਲਈ ਜ਼ਰੂਰੀ ਹੈ। ਵਿਆਖਿਆ ਕਰੋ। **ਜਾਂ**
ਖਪਤ ਆਮਦਨ ਉੱਪਰ ਨਿਰਭਰ ਕਰਦੀ ਹੈ। ਕਿਵੇਂ?

**ਪ੍ਰਸ਼ਨ 2.** ਚਿਪਕੋ ਅੰਦੋਲਨ ਕੀ ਹੈ? **ਜਾਂ**
ਸੰਸਾਰ ਕਿੰਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ? ਇਨ੍ਹਾਂ ਦੇ ਵਾਤਾਵਰਨ 'ਤੇ ਕੀ ਪ੍ਰਭਾਵ ਹਨ?

**ਪ੍ਰਸ਼ਨ 3.** ਸ਼ਹਿਰੀਕਰਨ ਤੋਂ ਕੀ ਭਾਵ ਹੈ? **ਜਾਂ**
ਵਿਗਿਆਨ ਅਤੇ ਟੈਕਨਾਲੋਜੀ ਦੀਆਂ ਮੁੱਖ ਗਤੀਵਿਧੀਆਂ ਦਾ ਵਰਣਨ ਕਰੋ।

ਪ੍ਰਸ਼ਨ 4. ਜ਼ਰੂਰਤਾਂ, ਇੱਛਾਵਾਂ ਅਤੇ ਮੁੱਖ ਸਾਧਨਾਂ ਵਿੱਚ ਕੀ ਅੰਤਰ ਹਨ? ਜਾਂ
ਰਾਇਓ ਘੋਸ਼ਣਾ ਦੇ 22 ਵੇਂ ਸਿਧਾਂਤ 'ਤੇ ਸੰਖੇਪ ਨੋਟ ਲਿਖੋ।

ਪ੍ਰਸ਼ਨ 5. ਖਪਤ ਦੇ ਵਾਤਾਵਰਣ ਉੱਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਦੱਸੋ। ਜਾਂ
ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ ਪਾਣੀ ਦੀ ਸਪਲਾਈ ਵਿੱਚ ਕਿਸ ਤਰ੍ਹਾਂ ਸਹਾਇਤਾ ਕਰਦੀ ਹੈ?

## Unit-IV (Sustainable Agriculture) & Unit-V (Environmental Actions)

ਪ੍ਰਸ਼ਨ 1. ਹਰੇ ਇਨਕਲਾਬ ਦੇ ਵਾਤਾਵਰਨ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ। ਜਾਂ
ਧਰਤੀ ਹੇਠਲੇ ਪਾਣੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ ?

ਪ੍ਰਸ਼ਨ 2. ਸਿੰਚਾਈ ਦੀਆਂ ਕਿਹੜੀਆਂ ਵਿਧੀਆਂ ਹਨ? ਅਤੇ ਇਨ੍ਹਾਂ ਦੀਆਂ ਮੁਸ਼ਕਿਲਾਂ ਕਿਹੜੀਆਂ ਹਨ? ਜਾਂ
ਜਨਸੰਖਿਆ ਵਾਧੇ ਦੇ ਭਾਰਤ ਉੱਤੇ ਕੀ ਪ੍ਰਭਾਵ ਹਨ?

ਪ੍ਰਸ਼ਨ 3. ਜੈਵ ਖਾਦਾਂ ਰਸਾਇਣਿਕ ਖਾਦਾਂ ਤੋਂ ਵੱਧ ਲਾਹੇਵੰਦ ਕਿਉਂ ਹਨ? ਜਾਂ
ਅਸੀਂ ਤਾਜ਼ੇ ਪਾਣੀ ਦੇ ਪ੍ਰਦੂਸ਼ਣ ਨੂੰ ਕਿਵੇਂ ਰੋਕ ਸਕਦੇ ਹਾਂ?

ਪ੍ਰਸ਼ਨ 4. ਹਵਾ ਪ੍ਰਦੂਸ਼ਣ ਕੀ ਹੈ? ਵੱਖ-ਵੱਖ ਤਰ੍ਹਾਂ ਦੇ ਹਵਾ ਪ੍ਰਦੂਸ਼ਕਾਂ ਦੀ ਸੂਚੀ ਦਿਉ। ਜਾਂ
ਫਸਲਾਂ ਉੱਪਰ ਬਣਾਉਟੀ ਖਾਦਾਂ ਕਿਉਂ ਵਰਤੀਆਂ ਜਾਂਦੀਆਂ ਹਨ?

ਪ੍ਰਸ਼ਨ 5. ਵਧਦੀ ਹੋਈ ਵਸੋਂ ਦਾ ਭੂਮੀ ਸ੍ਰੋਤਾਂ ਉੱਪਰ ਕੀ ਦਬਾਓ ਪੈ ਰਿਹਾ ਹੈ? ਜਾਂ
ਸ਼ੋਰ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ 'ਤੇ ਚਰਚਾ ਕਰੋ।

ਪ੍ਰਸ਼ਨ 6. ਸਿੰਚਾਈ ਕੀ ਹੈ? ਸਿੰਚਾਈ ਦੀ ਮਹੱਤਤਾ ਦਾ ਵਰਣਨ ਕਰੋ। ਜਾਂ
ਮਨੁੱਖ ਕਿਹੜੇ-ਕਿਹੜੇ ਕੁਦਰਤੀ ਤੋਹਫਿਆਂ ਉੱਪਰ ਨਿਰਭਰ ਕਰ ਰਿਹਾ ਹੈ?

ਪ੍ਰਸ਼ਨ 7. ਸ਼ੋਰ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਦੇ ਢੰਗ ਦੱਸੋ। ਜਾਂ
ਵਿਸ਼ਵ ਤਾਪਨ ਦੇ ਕਾਰਨ ਅਤੇ ਪ੍ਰਭਾਵਾਂ ਸਬੰਧੀ ਚਰਚਾ ਕਰੋ।

# Revision of whole guess paper

# BEST OF LUCK

# POLE STAR SAMPLE PAPER - 1

**CLASS -XII　　　SUBJECT - E.V.S**

**Time: 2 hours　　　Total marks: 45**

**ਪ੍ਰਸ਼ਨ 1. 1-1 ਅੰਕ ਵਾਲੇ ਪ੍ਰਸ਼ਨ:** **(20×1=20)**

**ਬਹੁ ਵਿਕਲਪੀ ਪ੍ਰਸ਼ਨ:**

1. ਹੇਠਾਂ ਲਿਖੇ ਵਿੱਚੋਂ ਮਨੁੱਖਾਂ ਲਈ ਕਿਹੜਾ ਭੋਜਨ ਦਾ ਸਰੋਤ ਨਹੀਂ ਹੈ ?
   (ੳ) ਮੱਛੀ　　(ਅ) ਮੱਝ
   (ੲ) ਘੋੜਾ　　(ਸ) ਸ਼ਹਿਦ ਮੱਖੀ
2. ਵਿਕਾਸ ਦਾ ਮਤਲਬ ਹੈ:
   (ੳ) ਅੱਗੇ ਵਧਣਾ　　(ਅ) ਪਿੱਛੇ ਹਟਣਾ
   (ੲ) ਅਨੰਦ　　(ਸ) ਜੈਵ ਵਿਭਿੰਨਤਾ
3. ਗੈਰ-ਨਵਿਆਉਣਯੋਗ ਸਰੋਤ ਹਨ:
   (ੳ) ਪਾਣੀ　　(ਅ) ਜੰਗਲ
   (ੲ) ਕੋਲਾ　　(ਸ) ਸੂਰਜ ਦੀ ਰੌਸ਼ਨੀ
4. ਸਿੰਚਾਈ ਦੀਆਂ ਵੱਖ-ਵੱਖ ਕਿਸਮਾਂ ਹਨ:
   (ੳ) ਨਹਿਰ ਸਿੰਚਾਈ　　(ਅ) ਹੜ੍ਹ ਸਿੰਚਾਈ
   (ੲ) ਛਿੜਕਾਅ ਸਿੰਚਾਈ　　(ਸ) ਉਪਰੋਕਤ ਸਾਰੇ
5. ਡੀ.ਡੀ.ਟੀ. ਕੀ ਹੈ ?
   (ੳ) ਨਕਲੀ ਕੀਟਨਾਸ਼ਕ　　(ਅ) ਕੁਦਰਤੀ ਖਾਦਾਂ
   (ੲ) ਪ੍ਰਤੀ ਜੈਵਿਕ ਦਵਾਈ　　(ਸ) ਬਾਇਓ ਕੀਟਨਾਸ਼ਕ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

6. ਕਿਸੇ ਵੀ ਦੋ ਸ਼ਾਕਾਹਾਰੀ ਜਾਨਵਰਾਂ ਦੇ ਨਾਮ ਲਿਖੋ।
7. ਸਕੂਲਾਂ ਵਿਚ ਵਾਤਾਵਰਨ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਕਿਹੜੇ ਕਲੱਬ ਬਣਾਏ ਜਾਂਦੇ ਹਨ?
8. GDP ਦਾ ਵਿਸਥਾਰ ਰੂਪ ਕੀ ਹੈ ?
9. ਕਿਸ ਫਸਲ ਨੂੰ ਲਗਾਤਾਰ ਪਾਣੀ ਦੀ ਲੋੜ ਹੁੰਦੀ ਹੈ ?
10. CNG ਦਾ ਵਿਸਥਾਰ ਰੂਪ ਕੀ ਹੈ ?

**ਖਾਲੀ ਥਾਵਾਂ ਭਰੋ:**

11. ਧਰਤੀ ਦੀ ਸਤਹਿ ਦਾ ਲਗਭਗ .............. ਪ੍ਰਤੀਸ਼ਤ ਹਿੱਸਾ ਪਾਣੀ ਨਾਲ ਘਿਰਿਆ ਹੋਇਆ ਹੈ।
12. ਭੋਪਾਲ ਦੁਰਘਟਨਾ .................. ਸਾਲ ਵਿਚ ਵਾਪਰੀ ਸੀ।
13. WWF ਦਾ ਪੂਰਾ ਰੂਪ ...................... ਹੈ।
14. ਗੋਬਰ ਦੀ ਖਾਦ ...................... ਕਿਸਮ ਦੀ ਖਾਦ ਹੈ।
15. ਇਕ ਵਿਅਕਤੀ ਨੂੰ ਰੋਜ਼ਾਨਾ ................... ਕੈਲੋਰੀ ਦੀ ਲੋੜ ਹੁੰਦੀ ਹੈ।

**ਸਹੀ/ਗਲਤ:**

16. ਫਲ ਅਤੇ ਜਾਨਵਰ ਵਿਟਾਮਿਨ ਅਤੇ ਖਣਿਜਾਂ ਦੇ ਸਰੋਤ ਹਨ।
17. ਆਵਾਜ਼ ਦਾ ਪੱਧਰ ਡੈਸੀਬਲ (DB) ਵਿੱਚ ਮਾਪਿਆ ਜਾਂਦਾ ਹੈ।
18. ਕਾਰਬਨ-ਡਾਈਆਕਸਾਈਡ ਇੱਕ ਗ੍ਰੀਨ ਹਾਊਸ ਗੈਸ ਹੈ।
19. ਕੌਫ਼ੀ ਦੀ ਸ਼ਕਤੀ ਕੌਫ਼ੀ ਦੇ ਬੀਜਾਂ ਨੂੰ ਸੁਕਾਉਣ ਅਤੇ ਫਰਮੈਂਟੇਸ਼ਨ ਤੋਂ ਪ੍ਰਾਪਤ ਕੀਤੀ ਜਾਂਦੀ ਹੈ।
20. ਡੀਜ਼ਲ ਦੇ ਮੁਕਾਬਲੇ CNG ਉਤਪਾਦ ਘੱਟ ਪ੍ਰਦੂਸ਼ਣ ਪੈਦਾ ਕਰਦਾ ਹੈ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ: (20-30 ਸ਼ਬਦਾਂ ਵਿੱਚ ਉੱਤਰ)**

**ਪ੍ਰਸ਼ਨ 2.** ਸਰੋਤ ਸੀਮਾ ਕੀ ਹੈ? (5×2=10)

**ਪ੍ਰਸ਼ਨ 3.** ਵਾਤਾਵਰਣ ਪ੍ਰਬੰਧਨ ਕਿਉਂ ਜ਼ਰੂਰੀ ਹੈ?

**ਪ੍ਰਸ਼ਨ 4.** ਸ਼ਹਿਰੀਕਰਨ ਕੀ ਹੈ?

**ਪ੍ਰਸ਼ਨ 5.** ਮਿਸ਼ਰਤ ਫ਼ਸਲ ਕੀ ਹੈ?

**ਪ੍ਰਸ਼ਨ 6.** ਠੋਸ ਰਹਿੰਦ-ਖੂੰਹਦ ਦਾ ਕੀ ਅਰਥ ਹੈ?

**ਵੱਡੇ ਉੱਤਰਾਂ ਵਾਲੇ ਪ੍ਰਸ਼ਨ: (80-100 ਸ਼ਬਦਾਂ ਵਿੱਚ ਉੱਤਰ)**

**ਪ੍ਰਸ਼ਨ 7.** ਜੈਵ-ਵਿਭਿੰਨਤਾ ਦੇ ਨੁਕਸਾਨ ਦੇ ਕਾਰਨ ਕੀ ਹਨ? ਵਿਆਖਿਆ ਕਰੋ। (3×5=15)

ਜਾਂ

ਵਾਤਾਵਰਣ ਅਤੇ ਵਿਕਾਸ ਵਿਚਕਾਰ ਸਬੰਧ ਕੀ ਹੈ?

**ਪ੍ਰਸ਼ਨ 8.** ਚਿਪਕੋ ਅੰਦੋਲਨ ਬਾਰੇ ਸੰਖੇਪ ਜਾਣਕਾਰੀ ਦਿਉ।

ਜਾਂ

ਟਿਕਾਊ ਵਿਕਾਸ ਲਈ ਕੁਝ ਪ੍ਰਸ਼ੰਸਾ ਤਕਨੀਕਾਂ ਦਾ ਜ਼ਿਕਰ ਕਰੋ।

**ਪ੍ਰਸ਼ਨ 9.** ਮਿੱਟੀ ਦਾ ਪ੍ਰਦੂਸ਼ਣ ਕਿਵੇਂ ਹੁੰਦਾ ਹੈ ਅਤੇ ਮਿੱਟੀ ਦੀ ਸੰਭਾਲ ਕਿਵੇਂ ਕੀਤੀ ਜਾਂਦੀ ਹੈ?

ਜਾਂ

ਧਰਤੀ ਦੇ ਸਰੋਤਾਂ ਤੇ ਵਧਦੀ ਅਬਾਦੀ ਦਾ ਕੀ ਪ੍ਰਭਾਵ ਹੈ? ਵਿਆਖਿਆ ਕਰੋ।

# POLE STAR SAMPLE PAPER - 2

## CLASS -XII SUBJECT - E.V.S

**Time: 2 hours** **Total marks: 45**

**ਪ੍ਰਸ਼ਨ 1. 1-1 ਅੰਕ ਵਾਲੇ ਪ੍ਰਸ਼ਨ:** **(20×1=20)**

**ਬਹੁ ਵਿਕਲਪੀ ਪ੍ਰਸ਼ਨ:**

1. ਜੈਵਿਕ ਵਿਭਿੰਨਤਾ ਟਿਕਾਉਪੁਣੇ ਤੇ ਸਾਂਭ-ਸੰਭਾਲ 170 ਤੋਂ ਵੱਧ ਦੇਸ਼ਾਂ ਵਿੱਚ ਸਮਝੌਤੇ ਤੇ ਕਦੋਂ ਦਸਖਤ ਕੀਤੇ ਗਏ?
   (ੳ) ਜਨਵਰੀ 2000 (ਅ) ਜਨਵਰੀ 2001
   (ੲ) ਜਨਵਰੀ 2002 (ਸ) ਜਨਵਰੀ 2003
2. ਪੈਟਰੋਲ ਦੀ ਥਾਂ ਕਿਹੜਾ ਬਾਲਣ ਆਟੋ ਵਾਹਨਾਂ ਵਿੱਚ ਵਰਤਿਆ ਜਾਂਦਾ ਹੈ?
   (ੳ) ਮਿੱਟੀ ਦਾ ਤੇਲ (ਅ) ਨਪੀੜਿਤ ਕੁਦਰਤੀ ਗੈਸ
   (ੲ) ਈਥਨੋਲ (ਸ) ਮੀਥਨੋਲ
3. ਟਿਕਾਊ ਵਿਕਾਸ ਦੀ ਧਾਰਨਾ ਕਿਸ ਨੇ ਦਿੱਤੀ ਸੀ?
   (ੳ) ਜੀ. ਐਚ ਬਰੰਟਲੈਂਡ (ਅ) ਮਹਾਤਮਾ ਗਾਂਧੀ
   (ੲ) ਪੰਡਿਤ ਜਵਾਹਰ ਲਾਲ ਨਹਿਰੂ (ਸ) ਲਾਲ ਬਹਾਦੁਰ ਸ਼ਾਸਤਰੀ
4. 1965 ਤੋਂ 1980 ਦੇ ਦਰਮਿਆਨ ਹਰੀਕ੍ਰਾਂਤੀ ਦਾ ਪੰਜਾਬ ਉੱਪਰ ਕੀ ਪ੍ਰਭਾਵ ਪਇਆ?
   (ੳ) ਕਣਕ ਦੀ ਉਪਜ ਵਿੱਚ 1916 ਤੋਂ 7694 ਹਜ਼ਾਰ ਮੀਟ੍ਰਿਕ ਟਨ ਵਾਧਾ।
   (ਅ) ਚਾਵਲਾਂ ਦੀ ਉਪਜ ਵਿੱਚ 292 ਤੋਂ 3228 ਹਜ਼ਾਰ ਮੀਟ੍ਰਿਕ ਟਨ ਵਾਧਾ।
   (ੲ) ਦੋਵੇਂ 1 ਅਤੇ 2 (ਸ) ਕੋਈ ਵੀ ਨਹੀਂ
5. ਕਿਹੜੇ ਖੇਤਰ ਵਿੱਚ ਵਰਖਾ ਦਾ ਪਾਣੀ ਸਭ ਤੋਂ ਘੱਟ ਹੁੰਦਾ ਹੈ?
   (ੳ) ਏਰਿਡ ਖੇਤਰ (ਅ) ਅਰਧ ਏਰਿਡ ਖੇਤਰ
   (ੲ) ਮੱਧਵਰਤੀ ਖੇਤਰ (ਸ) ਗਿਲ ਵਾਲਾ ਖੇਤਰ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ: (ਇੱਕ ਸ਼ਬਦ, ਇੱਕ ਲਾਈਨ ਵਿੱਚ ਉੱਤਰ)**

6. ਦੋ ਸ਼ਾਕਾਹਾਰੀਆਂ ਅਤੇ ਦੋ ਮਾਸਾਹਾਰੀਆਂ ਦੇ ਨਾਂ ਦੱਸੋ।
7. GDP ਦਾ ਵਿਸਥਾਰ ਰੂਪ ਕੀ ਹੈ ?
8. ਮਨੁੱਖੀ ਸਾਧਨ ਤੋਂ ਕੀ ਭਾਵ ਹੈ ?
9. ਖੇਤੀਬਾੜੀ ਨੂੰ ਪ੍ਰੀਭਾਸਿਤ ਕਰੋ।
10. ਪ੍ਰਦੂਸ਼ਣ ਦੀਆਂ ਮੁੱਖ ਕਿਸਮਾਂ ਕਿਹੜੀਆਂ ਹਨ?

**ਖਾਲੀ ਥਾਵਾਂ ਭਰੋ:**

11. ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਨਾਗ ਪੰਚਮੀ ਤੇ .................... ਜੀਵ ਦੀ ਪੂਜਾ ਕੀਤੀ ਜਾਂਦੀ ਹੈ।
12. ਈਕੋ ਮਾਰਕ ਦੀ ਸਕੀਮ ਸਭ ਤੋਂ ਪਹਿਲਾਂ .....................ਦੇਸ਼ ਵਿੱਚ ਲਾਗੂ ਕੀਤੀ ਗਈ।
13. "ਸਾਡੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਲਈ ਕੁਦਰਤ ਕੋਲ ਹਰਕੇ ਚੀਜ਼ ਹੈ ਪਰ ਸਾਡਾ ਲਾਲਚ ਪੂਰਾ ਕਰਨ ਦੇ ਲਈ ਨਹੀਂ।" ਇਹ ਸ਼ਬਦ ..................... ਨੇ ਕਹੇ।
14. ਹਰੀ ਕ੍ਰਾਂਤੀ ਦਾ ਮੁੱਖ ਮੰਤਵ .......................... ਸੀ।
15. ਵਰਮੀ ਕੰਪੋਸਟਿੰਗ ਵਿੱਚ ..................ਜੀਵ ਦੀ ਵਰਤੋਂ ਕੀਤੀ ਜਾਂਦੀ ਹੈ।

**ਸਹੀ/ਗਲਤ:**

16. ਜਿੰਨਾ ਜਾਤੀਆਂ ਦੀ ਗਿਣਤੀ ਚਿੰਤਾਜਨਕ ਪੱਧਰ ਤੱਕ ਘੱਟ ਚੁੱਕੀ ਹੈ, ਉਹਨਾਂ ਨੂੰ ਦੁਰਲੱਭ ਜਾਤੀਆ ਕਹਿੰਦੇ ਹਨ।
17. ਲਾਈਕਨਜ਼ ਹਵਾ ਦੀ ਗੁਣਵੱਤਾ ਬਾਰੇ ਸੂਚਨਾ ਦਿੰਦੇ ਹਨ।
18. ਦੂਜੀ ਪ੍ਰਿਥਵੀ ਉੱਚਕੋਟੀ ਮੀਟਿੰਗ 1993 ਵਿੱਚ ਹੋਈ।
19. ਐਜੋਬਰੈਕਟਰ ਨਾਈਟ੍ਰੋਜਨ ਦੇ ਸਥਿਰੀਕਰਨ ਵਾਲਾ ਬੈਕਟੀਰੀਆ ਨਹੀਂ ਹੈ।
20. ਸਿਲੀਕੋਸਿਸ ਰੋਗ ਦਾ ਕਾਰਨ ਲੋਹਾ ਹੈ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ: (20-30 ਸ਼ਬਦਾਂ ਵਿੱਚ ਉੱਤਰ)** **(5×2=10)**

**ਪ੍ਰਸ਼ਨ 2.** ਲੋੜ ਤੋਂ ਵੱਧ ਸ਼ਿਕਾਰ ਕਰਨ ਕਰਕੇ ਲੁਪਤ ਹੋਈਆਂ ਜਾਤੀਆਂ ਦੇ ਨਾਂ ਦੱਸੋ।

**ਪ੍ਰਸ਼ਨ 3.** ਵਾਤਾਵਰਣੀ ਪ੍ਰਬੰਧਣ ਤੋਂ ਤੁਸੀਂ ਕੀ ਸਮਝਦੇ ਹੋ?

**ਪ੍ਰਸ਼ਨ 4.** ਮੱਧ-ਪ੍ਰਦੇਸ਼ ਵਿੱਚ ਨਰਮਦਾ ਪ੍ਰਾਜੈਕਟ ਦੇ ਨਿਰਮਾਣ ਦਾ ਵਿਰੋਧ ਕਿਸ-ਕਿਸ ਨੇ ਕੀਤਾ?

**ਪ੍ਰਸ਼ਨ 5.** ਚੰਗੀ ਮਿੱਟੀ ਦੇ ਲੱਛਣ ਦੱਸੋ।

**ਪ੍ਰਸ਼ਨ 6.** ਜਨਸੰਖਿਆ ਵਿਸਫੋਟ ਕੀ ਹੈ?

**ਵੱਡੇ ਉੱਤਰਾਂ ਵਾਲੇ ਪ੍ਰਸ਼ਨ: (80-100 ਸ਼ਬਦਾਂ ਵਿੱਚ ਉੱਤਰ)** **(3×5=15)**

**ਪ੍ਰਸ਼ਨ 7.** ਜੰਤੂਆਂ ਦੀ ਆਰਥਿਕ ਸਮਰੱਥਾ ਦਾ ਵਿਸਥਾਰ ਪੂਰਵਕ ਵਰਣਨ ਕਰੋ। **ਜਾਂ**

'ਵਾਤਾਵਰਣੀ ਪ੍ਰਬੰਧਣ ਨਾਮੀ ਸ਼ਬਦ ਭਾਰਤ ਲਈ ਨਵਾਂ ਨਹੀਂ ਹੈ' - ਵਿਸਥਾਰ ਸਹਿਤ ਲਿਖੋ।

**ਪ੍ਰਸ਼ਨ 8.** 'ਸਾਖਰਤਾ' ਵਾਤਾਵਰਨ ਦੇ ਵਿਕਾਸ ਲਈ ਜ਼ਰੂਰੀ ਹੈ। ਵਿਆਖਿਆ ਕਰੋ। **ਜਾਂ**

ਖਪਤ ਆਮਦਨ ਉੱਪਰ ਨਿਰਭਰ ਕਰਦੀ ਹੈ। ਕਿਵੇਂ?

**ਪ੍ਰਸ਼ਨ 9.** ਹਰੇ ਇਨਕਲਾਬ ਦੇ ਵਾਤਾਵਰਨ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ। **ਜਾਂ**

ਧਰਤੀ ਹੇਠਲੇ ਪਾਣੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ ?

# POLE STAR SAMPLE PAPER - 3

## CLASS -XII SUBJECT - E.V.S

**Time: 2 hours** **Total marks: 45**

**ਪ੍ਰਸ਼ਨ 1. 1-1 ਅੰਕ ਵਾਲੇ ਪ੍ਰਸ਼ਨ:** **(20×1=20)**

**ਬਹੁ ਵਿਕਲਪੀ ਪ੍ਰਸ਼ਨ:**

1. ਹੇਠ ਲਿਖਿਆਂ ਵਿੱਚ ਕਿਹੜੀ ਦੁਰਲਭ ਜਾਤੀ ਹੈ?

(ੳ) ਭਾਰਤੀ ਬਸਟਰਡ (ਅ) ਹੂਪਿੰਗ ਬਗਲਾ

(ੲ) ਸੁਨਹਿਰੀ ਲੰਗੂਰ (ਸ) ਮੋਰ

2. ਵਾਤਾਵਰਨੀ ਪ੍ਰਬੰਧਨ ਦਾ ਮੁੱਖ ਉਦੇਸ਼ ਕੀ ਹੈ?

(ੳ) ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣਾ (ਅ) ਵਾਤਾਵਰਨ ਨੂੰ ਦੁਰਵਰਤੋਂ ਤੋਂ ਬਚਾਉਣਾ

(ੲ) ਦੋਵੇਂ (ੳ) ਅਤੇ (ਅ) (ਸ) ਕੋਈ ਵੀ ਨਹੀਂ

3. ਮਨੁੱਖ ਦੀਆਂ ਬੁਨਿਆਦੀ ਲੋੜਾਂ ਕੀ ਹਨ?

(ੳ) ਰੋਟੀ (ਅ) ਕੱਪੜਾ

(ੲ) ਮਕਾਨ (ਸ) ਉਪਰੋਕਤ ਸਾਰੇ

4. ਨਾਈਟ੍ਰੋਜਨ ਦੇ ਸਥਿਰੀਕਰਨ ਕਰਨ ਵਾਲਾ ਕਿਹੜਾ ਬੈਕਟੀਰੀਆ ਹੈ?

(ੳ) ਐਜੋਬੈਕਟਰ (ਅ) ਬਾਈਜ਼ਰਇਨਕੀਆ

(ੲ) ਦੋਵੇਂ 1 ਅਤੇ 2 (ਸ) ਕੋਈ ਵੀ ਨਹੀਂ

5. ਖਪਤ ਨਾਲ ਜੁੜੀ ਕਿਹੜੀ ਮੁੱਖ ਸਮੱਸਿਆ ਹੈ?

(ੳ) ਊਰਜਾ ਸੰਕਟ (ਅ) ਪ੍ਰਦੂਸ਼ਣ

(ੲ) ਪਾਣੀ ਪ੍ਰਦੂਸ਼ਣ (ਸ) ਉਪਰੋਕਤ ਸਾਰੇ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ: (ਇੱਕ ਸ਼ਬਦ, ਇੱਕ ਲਾਈਨ ਵਿੱਚ ਉੱਤਰ)**

6. ਧਰਤੀ ਗ੍ਰਹਿ (earth Planet) ਉੱਤੇ ਕਿੰਨੀਆਂ ਜਾਤੀਆਂ ਹਨ?

7. CPCB ਦਾ ਵਿਸਥਾਰ ਦੱਸੋ।

8. ਵਿਸ਼ਵ ਸਿਹਤ ਦਿਵਸ (World Health Day) ਕਦੋਂ ਮਨਾਇਆ ਜਾਂਦਾ ਹੈ?

9. ਮੀਂਹ ਨੂੰ ਛੱਡ ਕੇ ਸਿੰਚਾਈ ਦੇ ਕੋਈ ਚਾਰ ਸ੍ਰੋਤਾਂ ਬਾਰੇ ਦੱਸੋ।

10. ਪ੍ਰਦੂਸ਼ਕ ਕੀ ਹਨ?

**ਖਾਲੀ ਥਾਵਾਂ ਭਰੋ:**

11. ਕੁਨੀਨ ਦਵਾਈ .....................ਪੌਦੇ ਤੋਂ ਪ੍ਰਾਪਤ ਕੀਤੀ ਜਾਂਦੀ ਹੈ।

12. ਪੱਛਮੀ ਜਰਮਨੀ ਦਾ ਈਕੋ ਮਾਰਕ ..................... ਹੈ।

13. "ਭਾਖੜਾ ਨੰਗਲ ਡੈਮ ਭਾਰਤ ਦੇ ਮੰਦਰ ਹਨ।" ਇਹ ਵਿਚਾਰ ..................... ਦੇ ਹਨ।

14. ਹਰੀ ਕ੍ਰਾਂਤੀ ਦਾ ਜਨਮਦਾਤਾ ......................... ਹੈ।

15. .........................ਗੈਸ ਗ੍ਰੀਨ ਹਾਊਸ ਪ੍ਰਭਾਵ ਪੈਦਾ ਕਰਦੀ ਹੈ।

**ਸਹੀ/ਗਲਤ:**

16. ਜੈਵਿਕ ਵਿਭਿੰਨਤਾ ਦੀਆਂ 3 ਕਿਸਮਾਂ ਹਨ।

17. ਈਕੋ ਮਾਰਕ ਦੀ ਸਕੀਮ ਸਭ ਤੋਂ ਪਹਿਲਾਂ ਫਰਾਂਸ ਵਿੱਚ ਸ਼ੁਰੂ ਕੀਤੀ ਗਈ।

18. NCPC ਦੀ ਸਥਾਪਨਾ 1972 ਈ. ਵਿੱਚ ਕੀਤੀ ਗਈ।

19. ਖੇਤ ਵਿੱਚ ਉਗਾਏ ਜਾਣ ਵਾਲੇ ਜਾਂ ਸੰਭਾਲੇ ਜਾਣ ਵਾਲੇ ਪੌਦਿਆਂ ਨੂੰ ਫਸਲੀ ਪੌਦੇ ਕਹਿੰਦੇ ਹਨ।

20. ਜਿਮਕੋਰਬੈਟ ਰਾਸ਼ਟਰੀ ਪਾਰਕ ਉਤਰਾਖੰਡ ਵਿੱਚ ਸਥਿਤ ਹੈ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ: (20–30 ਸ਼ਬਦਾਂ ਵਿੱਚ ਉੱਤਰ)** (5×2=10)

**ਪ੍ਰਸ਼ਨ 2.** ਅਲੋਪ ਹੋਣ ਦਾ ਮੁੱਖ ਕਾਰਨ ਕੀ ਹੈ?

**ਪ੍ਰਸ਼ਨ 3.** ਵਾਤਾਵਰਨ ਦਾ ਪ੍ਰਬੰਧਣ ਕਿਉਂ ਜ਼ਰੂਰੀ ਹੈ?

**ਪ੍ਰਸ਼ਨ 4.** ਟਿਕਾਊ-ਵਿਕਾਸ ਕਮਿਸ਼ਨ ਦੇ ਦੋ ਟੀਚੇ ਲਿਖੋ।

**ਪ੍ਰਸ਼ਨ 5.** ਦੋ ਪੋਟਾਸ਼ੀਅਮ ਖਾਦਾਂ ਦੇ ਨਾਮ ਦੱਸੋ।

**ਪ੍ਰਸ਼ਨ 6.** ਭੂਮੀਗਤ ਪਾਣੀ ਦੀ ਕੀ ਮਹੱਤਤਾ ਹੈ?

**ਵੱਡੇ ਉੱਤਰਾਂ ਵਾਲੇ ਪ੍ਰਸ਼ਨ: (80–100 ਸ਼ਬਦਾਂ ਵਿੱਚ ਉੱਤਰ)** (3×5=15)

**ਪ੍ਰਸ਼ਨ 7.** ਜੈਵਿਕ ਅਨੇਕਰੂਪਤਾ ਦੀਆਂ ਕਦਰਾਂ-ਕੀਮਤਾਂ ਕੀ ਹਨ?

ਜਾਂ

ਵਿਕਾਸ ਦਾ ਅਜੋਕਾ ਢੰਗ ਵਾਤਾਵਰਨ ਨੂੰ ਤਬਾਹ ਕਰ ਦੇਵੇਗਾ। ਵਿਚਾਰ ਕਰੋ।

**ਪ੍ਰਸ਼ਨ 8.** ਸ਼ਹਿਰੀਕਰਨ ਤੋਂ ਕੀ ਭਾਵ ਹੈ?

ਜਾਂ

ਵਿਗਿਆਨ ਅਤੇ ਟੈਕਨਾਲੋਜੀ ਦੀਆਂ ਮੁੱਖ ਗਤੀਵਿਧੀਆਂ ਦਾ ਵਰਣਨ ਕਰੋ।

**ਪ੍ਰਸ਼ਨ 9.** ਸਿੰਚਾਈ ਕੀ ਹੈ? ਸਿੰਚਾਈ ਦੀ ਮਹੱਤਤਾ ਦਾ ਵਰਣਨ ਕਰੋ।

ਜਾਂ

ਮਨੁੱਖ ਕਿਹੜੇ-ਕਿਹੜੇ ਕੁਦਰਤੀ ਤੋਹਫਿਆਂ ਉੱਪਰ ਨਿਰਭਰ ਕਰ ਰਿਹਾ ਹੈ?

# POLE STAR SAMPLE PAPER - 4

**CLASS -XII** **SUBJECT - E.V.S**

**Time: 2 hours** **Total marks: 45**

**ਪ੍ਰਸ਼ਨ 1. 1-1 ਅੰਕ ਵਾਲੇ ਪ੍ਰਸ਼ਨ:** **(20×1=20)**

**ਬਹੁ ਵਿਕਲਪੀ ਪ੍ਰਸ਼ਨ:**

1. ਜੈਵਿਕ ਵਿਭਿੰਨਤਾ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਕਿਸਨੇ ਕੀਤੀ ਸੀ?
   (ੳ) ਵਾਲਟਰ ਜੀ ਰੋਜ਼ਨ (ਅ) ਈ.ਓ. ਵਿਲਸਨ
   (ੲ) ਮੋਕਡਾਬਲ ਨੇ (ਸ) ਕੋਈ ਵੀ ਨਹੀਂ
2. ਦਬਾਉ ਸੂਚਕ ਕੀ ਦਰਸਾਉਂਦੇ ਹਨ?
   (ੳ) ਨਿਕਾਸ ਕੀਤੇ ਪਦਾਰਥ (ਅ) ਨਿਖੇਪਣਾਂ
   (ੲ) ਨਿਸ਼ਕਰਸ਼ਣ (ਸ) ਉਪਰੋਕਤ ਸਾਰੇ
3. ਟਿਕਾਊ ਵਿਕਾਸ ਕਮਿਸ਼ਨ ਕਦੋਂ ਸਥਾਪਿਤ ਹੋਇਆ?
   (ੳ) 1970 ਵਿੱਚ (ਅ) 1972 ਵਿੱਚ
   (ੲ) 1974 ਵਿੱਚ (ਸ) 1976 ਵਿੱਚ
4. ਹਰੀ ਕ੍ਰਾਂਤੀ ਦੇ ਜਨਮਦਾਤਾ ਕੌਣ ਸੀ?
   (ੳ) ਡਾ.ਮੁਹਿੰਦਰ ਸਿੰਘ (ਅ) ਪ੍ਰੋ. ਐਮ.ਐਸ.ਸਵਾਮੀਨਾਥਨ
   (ੲ) ਡਾ. ਮੋਹਨ ਸਿੰਘ (ਸ) ਕੋਈ ਵੀ ਨਹੀਂ
5. CFCs ਦੀ ਵਰਤੋਂ ਕਿਥੇ ਕੀਤੀ ਜਾਂਦੀ ਹੈ?
   (ੳ) ਵਾਤਾਵਰਨੁਕੂਲਨਾਂ ਵਿੱਚ (ਅ) ਰੈਫਰੀਜਰੇਟਰ ਵਿੱਚ
   (ੲ) ਡਰਾਈਕਲੀਨਿਰਾ (ਸ) ਉਪਰੋਕਤ ਸਾਰੇ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ: (ਇੱਕ ਸ਼ਬਦ, ਇੱਕ ਲਾਈਨ ਵਿੱਚ ਉੱਤਰ)**

6. ਜੈਵਿਕ ਵਿਭਿੰਨਤਾ ਤੋਂ ਕੀ ਭਾਵ ਹੈ?
7. GNP ਦਾ ਵਿਸਥਾਰ ਰੂਪ ਕੀ ਹੈ ?
8. ਸਾਡੀਆਂ ਬੁਨਿਆਦੀ ਲੋੜਾਂ ਕੀ ਹਨ ?
9. ਨਕਦੀ ਫਸਲਾਂ ਤੋਂ ਕੀ ਭਾਵ ਹੈ?
10. ਕੋਲੇ ਦੀਆਂ ਦੋ ਕਿਸਮਾਂ ਦੇ ਨਾਂ ਦੱਸੋ।

**ਖਾਲੀ ਥਾਵਾਂ ਭਰੋ:**

11. ਬੰਦੀਪੁਰ ਮੈਸੂਰ ਨੈਸ਼ਨਲ ਪਾਰਕ ਵਿੱਚ .....................ਪ੍ਰਜਾਤੀ ਪਾਈ ਜਾਂਦੀ ਹੈ।
12. ਲਾਈਕੇਨ ..................... ਅਤੇ .....................ਗੈਸਾਂ ਪ੍ਰਤੀ ਸੰਵੇਦਨਸ਼ੀਲ ਹਨ।
13. WHO ਦਾ ਪੂਰਾ ਨਾਮ ..................... ਹੈ।
14. ਇੱਕ ਏਕੜ ਜੀਵਤ ਮਿੱਟੀ ਦੀ ਉਪਰਲੀ ਪਰਤ ਵਿੱਚ ........................... ਪੌਂਡ ਗੰਡੋਏ ਹੁੰਦੇ ਹਨ।
15. ਪ੍ਰਦੂਸ਼ਣ ਘਟਾਉਣ ਲਈ ਸਾਨੂੰ ਵਾਹਨਾਂ ਵਿੱਚ ........................... ਬਾਲਣ ਦੀ ਵਰਤੋਂ ਕਰਨੀ ਚਾਹੀਦੀ ਹੈ।

**ਸਹੀ/ਗਲਤ:**

16. ਸੰਯੁਕਤ ਰਾਸ਼ਟਰ ਦੀ ਸਰਪ੍ਰਸਤੀ ਹੇਠ ਵਾਤਾਵਰਨ ਸੰਬੰਧੀ ਪਹਿਲੀ ਕਾਨਫਰੰਸ 7 ਜੂਨ, 1972 ਨੂੰ ਸਟਾਕਹੋਮ ਵਿੱਚ ਹੋਈ।
17. ਭਾਰਤ ਦਾ ਪਰਿਸਥਿਤਿਕ ਚਿੰਨ੍ਹ ਮਿੱਟੀ ਦਾ ਘੜਾ ਹੈ।
18. ਉਸ ਅੰਦੋਲਨ ਦਾ ਨਾਂ ਐਪੀਕੋ ਅੰਦੋਲਨ ਹੈ, ਜਿਸ ਵਿੱਚ ਲੋਕਾਂ ਨੇ ਰੁੱਖਾਂ ਨੂੰ ਕਲਾਵੇ ਵਿੱਚ ਲੈ ਲਿਆ।
19. ਭੋ ਖੋਰ ਰੋਕਣ ਲਈ ਰੁੱਖ ਲਗਾਉਣੇ ਚਾਹੀਦੇ ਹਨ।
20. ਵਣ ਮਹਾਉਤਸਵ ਕੇ. ਐਮ. ਮੁਨਸੀ ਨੇ ਸ਼ੁਰੂ ਕੀਤਾ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ: (20-30 ਸ਼ਬਦਾਂ ਵਿੱਚ ਉੱਤਰ)**

**ਪ੍ਰਸ਼ਨ 2.** ਆਪਣੇ ਖੇਤਰ ਦੇ ਦੋ-ਦੋ ਸ਼ਾਕਾਹਾਰੀ, ਮਾਸਾਹਾਰੀ ਅਤੇ ਸਰਬਆਹਾਰੀ ਜੰਤੂਆਂ ਦੇ ਨਾਂ ਦੱਸੋ। **(5×2=10)**

**ਪ੍ਰਸ਼ਨ 3.** ਸਾਫ਼-ਸੁਥਰੇ ਵਾਤਾਵਰਨ ਤੋਂ ਤੁਹਾਡਾ ਕੀ ਭਾਵ ਹੈ ?

**ਪ੍ਰਸ਼ਨ 4.** ਕਾਇਮ ਰਹਿਣਯੋਗ ਵਿਕਾਸ ਕੀ ਹੈ ?

**ਪ੍ਰਸ਼ਨ 5.** ਮਿਸ਼ਰਿਤ ਕਿਰਸਾਨੀ ਦੀ ਪਰਿਭਾਸ਼ਾ ਦਿਉ।

**ਪ੍ਰਸ਼ਨ 6.** ਠੋਸ ਵਿਅਰਥ ਤੋਂ ਕੀ ਭਾਵ ਹੈ?

**ਵੱਡੇ ਉੱਤਰਾਂ ਵਾਲੇ ਪ੍ਰਸ਼ਨ: (80-100 ਸ਼ਬਦਾਂ ਵਿੱਚ ਉੱਤਰ)**

**ਪ੍ਰਸ਼ਨ 7.** ਧਰਤੀ ਹੇਠਲੇ ਪਾਣੀ ਦੀ ਕੀ ਮਹੱਤਤਾ ਹੈ? **(3×5=15)**

**ਜਾਂ**

ਆਪਣੇ ਆਲੇ-ਦੁਆਲੇ ਦੇ ਸੁਧਾਰ ਲਈ ਤੁਸੀਂ ਕੀ ਕਰ ਸਕਦੇ ਹੋ।

**ਪ੍ਰਸ਼ਨ 8.** ਚਿਪਕੋ ਅੰਦੋਲਨ ਕੀ ਹੈ?

**ਜਾਂ**

ਸੰਸਾਰ ਕਿੰਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ? ਇਨ੍ਹਾਂ ਦੇ ਵਾਤਾਵਰਨ 'ਤੇ ਕੀ ਪ੍ਰਭਾਵ ਹਨ?

**ਪ੍ਰਸ਼ਨ 9.** ਸਿੰਚਾਈ ਦੀਆਂ ਕਿਹੜੀਆਂ ਵਿਧੀਆਂ ਹਨ? ਅਤੇ ਇਨ੍ਹਾਂ ਦੀਆਂ ਮੁਸ਼ਕਿਲਾਂ ਕਿਹੜੀਆਂ ਹਨ?

**ਜਾਂ**

ਜਨਸੰਖਿਆ ਵਾਧੇ ਦੇ ਭਾਰਤ ਉੱਤੇ ਕੀ ਪ੍ਰਭਾਵ ਹਨ?

# POLE STAR SAMPLE PAPER - 5

## CLASS -XII SUBJECT - E.V.S

**Time: 2 hours** **Total marks: 45**

**ਪ੍ਰਸ਼ਨ 1. 1-1 ਅੰਕ ਵਾਲੇ ਪ੍ਰਸ਼ਨ:** **(20×1=20)**

**ਬਹੁ ਵਿਕਲਪੀ ਪ੍ਰਸ਼ਨ:**

1. ਮਾਰਫੀਨ ਕਿਹੜੇ ਪੌਦੇ ਤੋਂ ਪ੍ਰਾਪਤ ਕੀਤੀ ਜਾਂਦੀ ਹੈ?
   (ੳ) ਪਾਪਾਵਰ ਸੋਮਨੀ ਫਰੇਮ (ਅ) ਡਿਜੀਟੈਲਿਸ
   (ੲ) ਪੈਰੀਵਿਨਕਲ (ਸ) ਟੈਕਸਸ ਬਕਾਟਾ
2. ਵਾਤਾਵਰਨੀ ਪ੍ਰਬੰਧਨ ਦਾ ਆਰਥਿਕ ਪੱਖ ਕੀ ਹੈ?
   (ੳ) ਵਾਤਾਵਰਨ ਵਿਵਸਥਾ ਪ੍ਰਦਾਨ ਕਰਨਾ (ਅ) ਵਾਤਾਵਰਨ ਇੱਕ ਡੌਬੂ ਵਜੋਂ ਕੰਮ ਕਰਦਾ ਹੈ।
   (ੲ) ਦੋਵੇਂ (ੳ) ਅਤੇ (ਅ) (ਸ) ਕੋਈ ਵੀ ਨਹੀਂ
3. ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਮੁੱਖ ਕੰਮ ਕੀ ਹੈ?
   (ੳ) ਪਾਣੀ ਅਤੇ ਹਵਾ ਪ੍ਰਦੂਸ਼ਣ ਨੂੰ ਰੋਕਣ ਅਤੇ ਕੰਟਰੋਲ ਸੰਬੰਧੀ ਕੇਂਦਰੀ ਸਰਕਾਰ ਨੂੰ ਸਲਾਹ ਦੇਣਾ।
   (ਅ) ਪਾਣੀ ਅਤੇ ਹਵਾ ਦੀ ਗੁਣਵੱਤਾ ਦੇ ਮਾਪਦੰਡਾਂ ਨੂੰ ਸਥਾਪਿਤ ਕਰਨਾ, ਪੜਤਾਲ ਜਾਂ ਸੋਧ ਕਰਨਾ।
   (ੲ) ਦੋਵੇਂ (ੳ) ਅਤੇ (ਅ) ਦੋਵੇਂ
   (ਸ) ਕੋਈ ਵੀ ਨਹੀਂ
4. ਚੀਕਣੀ ਮਿੱਟੀ ਦੇ ਕਣਾਂ ਦਾ ਆਕਾਰ ਕਿੰਨਾ ਹੁੰਦਾ ਹੈ?
   (ੳ) 0.002 - 0.02 ਮਿ.ਮੀ. (ਅ) 0.02-0.2 ਮਿ.ਮੀ.
   (ੲ) 0.002 ਮਿ.ਮੀ. ਤੋਂ ਘੱਟ (ਸ) 0.2 -2 ਮਿ.ਮੀ.
5. ਕੋਲੇ ਦੀ ਕਿਹੜੀ ਕਿਸਮ ਵਿੱਚ ਕਾਰਬਨ ਦੀ ਸਭ ਤੋਂ ਘੱਟ ਮਾਤਰਾ ਹੈ?
   (ੳ) ਪੀਟ (ਅ) ਲਿਗਨਾਈਡ
   (ੲ) ਬਿਟੂਮੀਨਸ (ਸ) ਐਂਥਰਾਸਾਈਟ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ: (ਇੱਕ ਸ਼ਬਦ, ਇੱਕ ਲਾਈਨ ਵਿੱਚ ਉੱਤਰ)**

6. ਸ਼ਾਕਾਹਾਰੀ ਕੀ ਹਨ?
7. ਈਕੋ-ਮਾਰਕ ਤੋਂ ਕੀ ਭਾਵ ਹੈ ?
8. NCEP ਦਾ ਪੂਰਨ ਰੂਪ ਲਿਖੋ।
9. ਫਸਲਾਂ ਦੀ ਅਦਲਾ ਬਦਲੀ (Crop Rotation) ਕੀ ਹੈ?

10. CFC ਅਤੇ DU ਦਾ ਵਿਸ਼ਾਲ ਰੂਪ ਲਿਖੋ।

**ਖਾਲੀ ਥਾਵਾਂ ਭਰੋ:**

11. ਚੂਹੇ ਦਾ ...................... ਦੇਵਤੇ ਨਾਲ ਸੰਬੰਧ ਹੈ।
12. ਹਰ ਸਾਲ ...................... ਡੈਮ ਬਣਾਏ ਜਾਂਦੇ ਹਨ।
13. ਅਪੀਕੋ ਅੰਦੋਲਨ ..........................ਈ. ਵਿੱਚ ਸ਼ੁਰੂ ਹੋਇਆ।
14. ਚਾਵਲ ਅਤੇ ਕਣਕ .......................... ਸਾਲ ਫਸਲ ਚੱਕਰ ਦੀ ਉਦਾਹਰਣ ਹੈ।
15. .........................., .........................., .......................... ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ।

**ਸਹੀ/ਗਲਤ:**

16. ਤੁਲਸੀ ਅਤੇ ਪਿੱਪਲ ਦੋ ਪਵਿੱਤਰ ਪੌਦੇ ਹਨ।
17. GDP ਦਾ ਪੂਰਾ ਨਾਂ Growth Domestic Product ਹੈ।
18. 3R ਦਾ ਅਰਥ ਹੈ -ਘਟਾਉਣਾ, ਪੁਨਰ ਵਰਤੋਂ ਅਤੇ ਪੁਨਰ ਚੱਕਰ।
19. ਚਾਵਲ ਅਤੇ ਕਣਕ ਦੋ ਸਾਲ ਫਸਲ ਚੱਕਰ ਦੀ ਉਦਾਹਰਨ ਹੈ।
20. ਕੋਲੇ ਦੀ ਵਰਤੋਂ ਬਾਲਣ ਦੇ ਰੂਪ ਵਿੱਚ ਹੁੰਦੀ ਹੈ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ: (20-30 ਸ਼ਬਦਾਂ ਵਿੱਚ ਉੱਤਰ)** **(5×2=10)**

**ਪ੍ਰਸ਼ਨ 2.** ਦੋ ਅੰਦਰੂਨੀ ਤੇ ਬਾਹਰੀ ਪਰਜੀਵੀਆਂ ਦੇ ਨਾਂ ਦੱਸੋ।

**ਪ੍ਰਸ਼ਨ 3.** ਈਕੋ ਮਾਰਕ (Eco-Mark) ਤੋਂ ਕੀ ਭਾਵ ਹੈ ?

**ਪ੍ਰਸ਼ਨ 4.** CPCB ਦੇ ਤਿੰਨ ਕੰਮ ਲਿਖੋ।

**ਪ੍ਰਸ਼ਨ 5.** ਫਸਲੀ ਚੱਕਰ ਦੇ ਕੀ ਲਾਭ ਹਨ?

**ਪ੍ਰਸ਼ਨ 6.** ਖਪਤਵਾਦ ਨਾਲ ਕਿਹੜੀਆਂ ਸਮੱਸਿਆਵਾਂ ਸੰਬੰਧਿਤ ਹਨ?

**ਵੱਡੇ ਉੱਤਰਾਂ ਵਾਲੇ ਪ੍ਰਸ਼ਨ: (80-100 ਸ਼ਬਦਾਂ ਵਿੱਚ ਉੱਤਰ)** **(3×5=15)**

**ਪ੍ਰਸ਼ਨ 7.** ਜੈਵਿਕ ਵਿਭਿੰਨਤਾ ਦੇ ਵਿਨਾਸ਼ ਦੇ ਕੀ ਕਾਰਨ ਹਨ? ਜ

ਵਾਤਾਵਰਣ ਦੇ ਪ੍ਰਬੰਧਣ ਵਿੱਚ ਆਰਥਿਕ ਪਾਲਿਸੀਆਂ ਦੀ ਕੀ ਭੂਮਿਕਾ ਹੈ?

**ਪ੍ਰਸ਼ਨ 8.** ਜ਼ਰੂਰਤਾਂ, ਇੱਛਾਵਾਂ ਅਤੇ ਮੁੱਖ ਸਾਧਨਾਂ ਵਿੱਚ ਕੀ ਅੰਤਰ ਹਨ? ਜ

ਰਾਇਓ ਘੋਸ਼ਣਾ ਦੇ 22 ਵੇਂ ਸਿਧਾਂਤ 'ਤੇ ਸੰਖੇਪ ਨੋਟ ਲਿਖੋ।

**ਪ੍ਰਸ਼ਨ 9.** ਜੈਵ ਖਾਦਾਂ ਰਸਾਇਣਿਕ ਖਾਦਾਂ ਤੋਂ ਵੱਧ ਲਾਹੇਵੰਦ ਕਿਉਂ ਹਨ? ਜ

ਅਸੀਂ ਤਾਜ਼ੇ ਪਾਣੀ ਦੇ ਪ੍ਰਦੂਸ਼ਣ ਨੂੰ ਕਿਵੇਂ ਰੋਕ ਸਕਦੇ ਹਾਂ?